# ਸੰਵਾਦ

ISSN : 2395-1273

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

20 ਵਾਂ ਅੰਕ ਜੁਲਾਈ-ਦਸੰਬਰ 2024



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜੁਲਾਈ-ਦਸੰਬਰ 2024
ਅੰਕ-20ਵਾਂ

ਸਰਪ੍ਰਸਤ
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

ਮੁੱਖ ਸੰਪਾਦਕ
ਡਾ. ਮਹਿਲ ਸਿੰਘ

ਸੰਪਾਦਕ
ਡਾ. ਆਤਮ ਸਿੰਘ ਰੰਧਾਵਾ

ISSN : 2395-1273


# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

ਵਿਸ਼ੇਸ਼ ਅੰਕ
## ਬਿਰਤਾਂਤਾਂ ਦੀ ਜੰਗ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| **Patron & Chief Editor:** | **Editor:** |
|---|---|
| ***Dr. Mehal Singh*** | ***Dr. Atam Singh Randhawa*** |
| **+91 85288-28200** | **+91 98722-17273** |
| **ISSN : 2395-1273** | **July-December 2024** |



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


| **ਚੰਦਾ ਭੇਜਣ ਤੇ ਮਿਲਣ ਦਾ ਪਤਾ** | **ਚੰਦਾ** | |
|---|---|---|
| **ਪ੍ਰਿੰਸੀਪਲ** | **ਜੀਵਨ ਮੈਂਬਰ** | : ₹ 3000 |
| **ਖ਼ਾਲਸਾ ਕਾਲਜ, ਅੰਮ੍ਰਿਤਸਰ** | **ਪੰਜ ਸਾਲਾ** | : ₹ 1500 |
| khalsacollegeamritsar@yahoo.com | **ਇਹ ਅੰਕ** | : ₹ 200 |
| www.khalsacollege.edu.in | | |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ || ਜੁਲਾਈ-ਦਸੰਬਰ 2024**

## ਤਤਕਰਾ

- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273



# ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ


**ਭਾਈ ਹਰਿਸਿਮਰਨ ਸਿੰਘ**

ਮੁਖੀ, ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਅਨੰਦਪੁਰ ਸਾਹਿਬ
✆ 98725-91713


ਸਮਾਂ ਬੀਤਣ ਨਾਲ ਜਿਉਂ-ਜਿਉਂ ਇਕ ਮਨੁੱਖ, ਸਮਾਜ, ਸਭਿਆਚਾਰ, ਲੋਕਾਂ ਅਥਵਾ ਦੇਸ਼ਾਂ ਦਾ ਵਿਕਾਸ ਨਿਸ਼ਚਿਤ ਹੁੰਦਾ ਹੈ, ਉਸੇ ਅਨੁਸਾਰ ਉਤਪਤੀ ਵੀ ਸਾਕਾਰ ਹੁੰਦੀ ਜਾਂਦੀ ਹੈ। ਇਸ ਤਰ੍ਹਾਂ ਲੋਕਾਂ ਅਤੇ ਵਿਵਸਥਾ ਦੀ ਸੋਚ, ਲੋੜਾਂ, ਚੁਣੌਤੀਆਂ ਅਤੇ ਆਸਾਂ ਉਮੀਦਾਂ ਆਦਿ ਵੀ ਬਦਲਦੀਆਂ ਰਹਿੰਦੀਆਂ ਹਨ। ਪੈਦਾ ਹੋਈ ਸਥਿਤੀ ਨੂੰ ਅਸੀਂ ਆਮ ਲੋਕਾਂ ਤੋਂ ਲੈ ਕੇ ਧਾਰਮਿਕ, ਸਮਾਜਕ, ਆਰਥਿਕ, ਮਨੋਵਿਗਿਆਨਕ ਅਤੇ ਰਾਜਸੀ ਆਦਿ ਖੇਤਰਾਂ ਵਿਚ ਪਏ ਖ਼ਲਾਅ ਵਾਂਗ ਮਹਿਸੂਸ ਕਰਦੇ ਹਾਂ। ਇਨ੍ਹਾਂ ਬਦਲਦੇ ਹਲਾਤਾਂ ਵਿਚ ਤਬਦੀਲੀ ਲਿਆਉਣ, ਦਰਪੇਸ਼ ਚੁਣੌਤੀਆਂ ਤੇ ਸਮੱਸਿਆਵਾਂ ਨੂੰ ਹੱਲ ਕਰਦਿਆਂ ਹਰ ਇਕ ਮਨੁੱਖ ਤੇ ਵਿਵਸਥਾ ਦੀ ਸੰਤੁਸ਼ਟੀ ਤਕ ਸਬੰਧਿਤ ਧਿਰਾਂ ਨੂੰ ਪਏ ਅਜਿਹੇ ਖ਼ਲਾਅ ਨੂੰ ਭਰਨ ਲਈ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਵਿਚਾਰਿਆਂ ਸਮਾਜ ਦੇ ਜ਼ਿੰਮੇਵਾਰਾਂ ਸਮੇਤ ਰਾਜਨੀਤਕ ਤੇ ਸੱਤਾਧਾਰੀ ਆਗੂਆਂ ਅਤੇ ਸਟੇਟ ਦੀ ਅਗਵਾਈ ਵੀ ਟੈਸਟ ਵਿਚ ਪੈ ਜਾਂਦੀ ਹੈ।

ਇਸ ਧਰਤੀ ਗ੍ਰਹਿ ਨੂੰ ਬੀਤੀਆਂ ਦਹਿ ਸਦੀਆਂ, ਵਿਸ਼ੇਸ਼ ਕਰਕੇ 19ਵੀਂ ਅਤੇ 20ਵੀਂ ਸਦੀ ਦੌਰਾਨ ਹੋਂਦ ਵਿਚ ਆਏ 200 ਦੇ ਕਰੀਬ ਛੋਟੇ-ਵੱਡੇ ਦੇਸ਼ਾਂ ਵਿਚ ਵੰਡ ਲਿਆ ਗਿਆ ਹੈ। ਯੂਰਪ ਦੇ ਕੁਝ ਦੇਸ਼ਾਂ ਦੀਆਂ ਸਰਹੱਦਾਂ ਮਿੱਥਣ ਦਾ ਆਧਾਰ 1649 ਦੀ ਵੈਸਟਫਿਲੀਆ ਦੀ ਸੰਧੀ ਨੂੰ ਮੰਨਿਆ ਜਾਂਦਾ ਹੈ। ਪਰ ਵਿਸ਼ਵ ਪ੍ਰਸੰਗ ਵਿਚ ਇਹ ਅਜਿਹਾ ਵੀ ਨਹੀਂ ਹੈ। ਇਸ ਸੰਧੀ ਤੋਂ ਪਹਿਲਾਂ ਵੀ ਵਿਸ਼ਵ ਦੇਸ਼ ਅਤੇ ਵੱਡੀਆਂ ਸਲਤਨਤਾਂ ਦੀਆਂ ਸਰਹੱਦਾਂ ਮੌਜੂਦ ਸਨ। ਇਕ ਦੇਸ਼ ਜਾਂ ਕੌਮ ਦੇ ਆਧਾਰ ਮਨੁੱਖ ਨੇ ਨਿਯੁਕਤ ਕੀਤੇ ਹਨ। ਪਰ ਵਿਸ਼ਵ ਦੇ ਛੇ ਮਹਾਂਦੀਪਾਂ ਵਿਚ ਜੋ ਅਨੇਕਾਂ ਸਭਿਆਚਾਰ ਹੋਂਦ ਵਿਚ ਆਏ ਹੋਏ ਹਨ, ਉਹ ਸਭ ਕੁਦਰਤ ਦੇ ਆਪਣੇ ਰੂਪ ਵਿਚ ਚੱਲੇ ਵਿਕਾਸ-ਉਤਪਤੀ ਦੇ ਅਨੇਕਾਂ ਵਰਤਾਰਿਆਂ ਦਾ ਨਤੀਜਾ ਹਨ। ਵਿਸ਼ਵ ਭਰ ਦੇ ਲੋਕਾਂ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਹੋਂਦ ਵਿਚ ਆਈਆਂ ਵੱਖ-ਵੱਖ ਜ਼ੁਬਾਨਾਂ, ਜੀਵਨ ਢੰਗ, ਸੋਚ ਅਮਲ ਅਤੇ ਜੀਵਨ ਪੱਧਤੀਆਂ ਨਾਲ ਜੁੜੇ ਵਰਤਾਰੇ ਸਭਿਆਚਾਰ ਦੀ ਕੋਟੀ ਵਿਚ ਗਿਣੇ ਜਾਂਦੇ ਹਨ। ਇਨ੍ਹਾਂ ਸਾਰੀਆਂ ਸਥਿਤੀਆਂ-ਪ੍ਰਸਥਿਤੀਆਂ ਵਿਚ ਜੋ ਦੇਸ਼ ਹੋਂਦ ਵਿਚ ਆਏ ਹਨ, ਉਨ੍ਹਾਂ ਦੀ ਰਾਜਸੱਤਾ ਨੂੰ ਮੁੱਖ ਤੌਰ 'ਤੇ ਲੋਕਤੰਤਰ, ਰਾਜਾਸ਼ਾਹੀ, ਤਾਨਾਸ਼ਾਹੀ ਆਦਿ ਦੇ ਰੂਪਾਂ ਵਿਚ ਚਲਾਇਆ ਜਾ ਰਿਹਾ ਹੈ। ਲੋਕਤੰਤਰ ਦਾ ਭਾਵੇਂ ਕੋਈ ਰੂਪ ਵੀ ਅਪਨਾਇਆ ਜਾਵੇ, ਉਸ ਵਿਚ ਨਿਯਤ ਸਮੇਂ ਉੱਤੇ ਚੋਣਾਂ ਕਰਵਾ ਕੇ ਸੱਤਾਧਾਰੀ ਇਕ ਦੇਸ਼ ਦਾ ਰਾਜ ਕਰਨ ਦੀ ਸਥਿਤੀ ਤਕ ਪਹੁੰਚ ਜਾਂਦੇ ਹਨ। ਪਰ ਰਾਜਸ਼ਾਹੀ ਅਤੇ ਤਾਨਾਸ਼ਾਹੀ ਵਿਚ ਚੋਣਾਂ ਰਾਹੀਂ ਸਮੇਂ ਉੱਤੇ ਹਾਕਮ ਬਦਲਣ ਦਾ ਕੋਈ ਬੰਧਨ ਨਹੀਂ ਹੁੰਦਾ, ਪਰ ਫਿਰ ਵੀ ਉਨ੍ਹਾਂ ਦਾ ਸਮਾਂ ਤਾਂ ਨਿਸ਼ਚਿਤ ਹੁੰਦਾ ਹੀ ਹੈ।

ਰੂਸ, ਚੀਨ, ਉੱਤਰੀ ਕੋਰੀਆ ਅਤੇ ਹੋਰ ਅਜਿਹੇ ਕਈ ਦੇਸ਼ਾਂ ਵਿਚ ਲੋਕਤੰਤਰ ਦੇ ਵਿਗੜੇ ਰੂਪ ਨੂੰ ਭਾਵੇਂ ਅਪਨਾ ਲਿਆ ਗਿਆ ਹੋਵੇ, ਪਰ ਇਸ ਵਿਚ ਹਾਕਮਾਂ ਦੀ ਸਥਿਰਤਾ ਯਕੀਨੀ ਬਣਾ ਲਈ ਗਈ ਹੈ, ਭਾਵੇਂ ਕਿ ਉਨ੍ਹਾਂ ਦੇ ਰਾਜ ਭਾਗ ਦੇ ਖਤਮ ਹੋਣ ਦਾ ਸਮਾਂ ਹਾਲਾਤ ਅਤੇ ਪ੍ਰਸਥਿਤੀਆਂ ਨਿਯਤ ਕਰਦੇ ਹਨ। ਵਿਸ਼ਵ ਭਰ ਵਿਚ ਇਨ੍ਹਾਂ ਸਾਰੇ ਹਾਲਾਤ ਵਿਚ ਜੋ ਵੀ ਲੋਕ ਸੱਤਾ ਵਿਚ ਹੁੰਦੇ ਹਨ, ਉਨ੍ਹਾਂ ਦੇ ਬਿਰਤਾਂਤ ਦੇ ਵਿਰੁੱਧ ਕੰਮ ਕਰਦੇ ਲੋਕ ਸੱਤਾ ਵਿਚ ਆਉਣ ਲਈ ਯਤਨ ਕਰਦੇ ਹੋਏ ਮੁਕਾਬਲੇ ਵਿਚ ਆ ਕੇ ਇਕ ਵੱਖਰਾ ਬਿਰਤਾਂਤ ਸਿਰਜਦੇ ਹਨ। ਉਨ੍ਹਾਂ ਦੀ ਮੁੱਢਲੀ ਵਿਚਾਰਧਾਰਕ ਅਤੇ ਵਿਵਹਾਰਕ ਰਾਜਨੀਤੀ ਲੋਕਾਂ ਨੂੰ ਵਿਚਾਰ ਦੇ ਪੱਧਰ 'ਤੇ ਆਪਣੇ ਨਾਲ ਜੋੜਦੀ ਹੈ। ਅਜਿਹੇ ਬਿਰਤਾਂਤਕ ਸ਼ੀਰਾਜੇ (Structure) ਯਾਨੀ ਸਟੇਟ ਵਿਵਸਥਾ ਵਿਚ ਸੱਤਾਧਾਰੀ ਸੱਤਾ ਵਿਚ ਰਹਿਣ ਅਤੇ ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਆਪਣਾ ਬਿਰਤਾਂਤ ਸਿਰਜਦੇ ਹਨ ਅਤੇ ਉਨ੍ਹਾਂ ਦੇ ਵਿਰੋਧ ਕਰਨ ਵਾਲੇ ਲੋਕ, ਪਾਰਟੀਆਂ ਅਤੇ ਆਗੂ ਇਕਹਿਰੇ ਰੂਪ ਵਿਚ ਜਾਂ ਸੰਗਠਿਤ ਮਿਲਵੇਂ ਰੂਪ ਵਿਚ ਆਪਣੇ ਬਿਰਤਾਂਤ ਨੂੰ ਅੱਗੇ ਵਧਾ ਕੇ ਸੱਤਾ ਵਿਚ ਆਉਣ ਲਈ ਲਗਾਤਾਰ ਯਤਨ ਕਰਦੇ ਰਹਿੰਦੇ ਹਨ। ਦੂਜੇ ਸ਼ਬਦਾਂ ਵਿਚ ਬਿਰਤਾਂਤ ਆਪਸ ਵਿਚ ਟਕਰਾਉਂਦੇ , ਮੁਕਾਬਲੇ ਦੀ ਰਾਜਨੀਤੀ ਵਿਚ ਆਪਣੇ ਦੇਸ਼ਾਂ ਦੇ ਰਾਜ ਵਿਚ ਤਬਦੀਲੀ ਲਿਆਉਣ ਲਈ ਅਤੇ ਬਦਲਾਅ ਦੇ ਨਾਅਰੇ ਹੇਠ ਅੱਗੇ ਵੱਧਦੇ ਹਨ।



(ਪੰਨੇ 84-90)
www.sanvad.org
ISSN : 2395-1273

ਅਜਿਹੇ ਬਿਰਤਾਂਤ ਸਿਰਜਣ ਦੀ ਕਿਉਂ ਲੋੜ ਪੈਂਦੀ ਹੈ? ਸਾਡੇ ਸਾਹਮਣੇ ਇਹ ਇਕ ਵੱਡਾ ਪ੍ਰਸ਼ਨ ਹੈ। ਇਸ ਧਰਤੀ ਉੱਤੇ ਪੈਦਾ ਹੋਣ ਵਾਲੇ ਹਰ ਮਨੁੱਖ ਲਈ ਸਫ਼ਲ ਜੀਵਨ ਜਿਊਣ ਅਤੇ ਸਮਾਜ ਰੂਪ ਵਿਚ ਸੰਗਠਿਤ ਰਹਿਣ ਦੌਰਾਨ ਇਕ ਸਥਿਤੀ ਤੋਂ ਦੂਸਰੀ ਬਿਹਤਰ ਜ਼ਿੰਦਗੀ ਲਈ ਅਰਮਾਨ ਬਣੇ ਰਹਿੰਦੇ ਹਨ। ਉਸ ਵਿਚ ਵਰਤਮਾਨ ਤੋਂ ਭਵਿੱਖ ਵੱਲ ਵਧਦਿਆਂ ਬਿਹਤਰ ਵਿਕਸਿਤ ਜੀਵਨ ਜਿਊਣ ਦੀ ਇੱਛਾ ਹਮੇਸ਼ਾਂ ਬਣੀ ਰਹਿੰਦੀ ਹੈ। ਇਕ ਵਿਸ਼ੇਸ਼ ਵਿਅਕਤੀ ਤੋਂ ਸਮੂਹ ਮਾਨਵ ਸਭਿਅਤਾ ਦੀ ਉਤਪਤੀ ਅਤੇ ਵਿਕਾਸ ਦੀ ਇਹ ਇੱਛਾ ਅੱਗੇ ਵਧਦੇ ਰਹਿਣ ਦੀ ਚਾਲਕ ਸ਼ਕਤੀ (Driving Force) ਬਣੀ ਰਹੀ ਹੈ। ਭਾਵੇਂ ਸਮਾਜ ਦੀਆਂ ਸਾਰੀਆਂ ਸੰਸਥਾਵਾਂ ਪ੍ਰਾਪਤ ਸਥਿਤੀਆਂ ਵਿਚ ਮਨੁੱਖੀ ਵਿਕਾਸ ਲਈ ਕੰਮ ਕਰਦੀਆਂ ਹਨ, ਪਰ ਰਾਜਨੀਤੀ ਅਤੇ ਸੱਤਾ ਵਿਵਸਥਾ ਆਪਸੀ ਪੂਰਕ ਰਿਸ਼ਤਿਆਂ ਵਿਚ ਬੱਝੀਆਂ ਹੋਈਆਂ ਇਨ੍ਹਾਂ ਦੀ ਛਤਰੀਨੁਮਾ ਸੰਸਥਾ ਦੀ ਭੂਮਿਕਾ ਰਹਿੰਦੀ ਹੈ। ਕਾਰਨ, ਕਿਸੇ ਵੀ ਦੇਸ਼ ਦੀ ਸੱਤਾ ਵਿਵਸਥਾ ਭਾਵੇਂ ਜਿਸ ਵੀ ਰੂਪ-ਸਰੂਪ ਦੀ ਹੋਵੇ, ਰਾਜਨੀਤਕ ਰਾਜਨੀਤੀ ਦੀਆਂ ਕਈ ਪ੍ਰਕਾਰ ਦੀਆਂ ਪ੍ਰਕਿਰਿਆਵਾਂ ਰਾਹੀਂ ਜਦੋਂ ਸੱਤਾ ਵਿਚ ਆਉਂਦੇ ਹਨ, ਤਾਂ ਉਨ੍ਹਾਂ ਦੇ ਅਧੀਨ ਸਬੰਧਿਤ ਦੇਸ਼ ਦੇ ਭੂਗੋਲਿਕ ਖੇਤਰ ਵਿਚ ਮੌਜੂਦ ਸਮੁੱਚੇ ਕੁਦਰਤੀ ਸੋਮੇ, ਸੱਤਾ ਸਿਸਟਮ, ਆਰਥਿਕ ਸਰੋਤ, ਬੁਨਿਆਦੀ ਢਾਂਚਾ ਅਤੇ ਲੋਕਾਂ ਦੇ ਜੀਵਨ ਬਾਰੇ ਫੈਸਲੇ ਕਰਨ ਲਈ ਅਧਿਕਾਰਿਤ ਤੌਰ 'ਤੇ ਅਥਾਰਿਟੀ ਆ ਜਾਂਦੀ ਹੈ। ਵਿਚਾਰਧਾਰਕ ਰਾਜਨੀਤੀ ਚੂੰਕਿ ਇਕ ਦੇਸ਼ ਵਿਚ ਸਰਕਾਰ ਬਣਾਉਣ /ਚਲਾਉਣ ਦਾ ਮਾਰਗ ਨਿਰਧਾਰਿਤ ਕਰਦੀ ਹੈ, ਇਸ ਲਈ ਨਾ ਕੇਵਲ ਆਦਰਸ਼ਕ ਰਾਜਨੀਤੀ, ਸਗੋਂ ਆਦਰਸ਼ਕ ਸੱਤਾ ਵਿਵਸਥਾ ਦੀ ਤਲਾਸ਼ ਵੀ ਹਰ ਕਾਲ ਵਿਚ ਹਰ ਸੁਚੇਤ ਅਤੇ ਆਮ ਨਾਗਰਿਕਾਂ ਦੀ ਬਣੀ ਰਹੀ ਹੈ। ਇਕ ਮਨੁੱਖ ਤੋਂ ਸਮੂਹ ਮਾਨਵ ਸਭਿਅਤਾ ਦੀ ਉਤਪਤੀ ਅਤੇ ਵਿਕਾਸ ਦੀ ਲੰਮੀ ਯਾਤਰਾ ਦਾ ਇਹ ਇਕ ਮਹੱਤਵਪੂਰਨ ਪਹਿਲੂ ਹੈ।

ਸਪੱਸ਼ਟ ਹੈ ਕਿ ਮਨੁੱਖੀ ਜੀਵਨ, ਵਿਸ਼ੇਸ਼ ਕਰਕੇ ਮਾਨਵ ਜਾਤੀ ਦਾ ਸਮਾਜ-ਆਰਥਿਕ-ਰਾਜਨੀਤਕ ਜੀਵਨ ਸਥਾਨਕ ਤੋਂ ਵਿਸ਼ਵ ਪੱਧਰ ਤਕ ਫੈਲੇ ਦੇਸ਼ਾਂ, ਸਭਿਆਚਾਰਾਂ ਅਤੇ ਸਮਾਜਕ ਸਮੂਹਾਂ ਦਾ ਇਤਿਹਾਸ ਛੋਟੇ-ਵੱਡੇ ਬਿਰਤਾਂਤਾਂ ਦਾ ਇਤਿਹਾਸ ਵੀ ਹੈ। ਇਸ ਤਰ੍ਹਾਂ ਵੇਖਿਆਂ ਇਕ ਵੱਡੇ ਬਿਰਤਾਂਤਕ ਵਰਤਾਰੇ ਦੇ ਅੰਦਰ ਕਈ ਛੋਟੇ-ਵੱਡੇ ਬਿਰਤਾਂਤ ਆਪਸੀ ਇਕਜੁੱਟਤਾ ਅਤੇ ਮੁਕਾਬਲੇ ਦੇ ਵਿਚ ਖਹਿੰਦੇ ਆਪਸੀ ਸੰਵਾਦ ਰਚਾਉਂਦੇ ਸਮਾਜ ਦੇ ਵਿਕਾਸ ਅਤੇ ਉਤਪਤੀ ਦੇ ਵਰਤਾਰਿਆਂ ਨੂੰ ਯਕੀਨੀ ਬਣਾਉਂਦੇ ਅੱਗੇ ਵਧਦੇ ਜਾਂਦੇ ਹਨ। ਇਹ ਬਿਰਤਾਂਤ ਮਾਨਵਤਾ ਦੇ ਵਿਸ਼ਾਲ ਕਾਫ਼ਲੇ ਦੀ ਵਿਕਾਸ ਗਤੀ ਨੂੰ ਮੁਕਾਬਲੇ ਦੀ ਸਥਿਤੀ ਵਿਚ ਰੱਖਦੇ ਸਮੁੱਚੀ ਮਾਨਵਤਾ ਦੀ ਉਤਪਤੀ (Evolution) ਨੂੰ ਵੀ ਯਕੀਨੀ ਬਣਾਉਂਦੇ ਹਨ। ਇਸ ਤੋਂ ਪਹਿਲਾਂ ਕਿ ਅਸੀਂ ਵਿਸ਼ਵ ਬਿਰਤਾਂਤਾਂ ਦੇ ਮੁਕਾਬਲੇ ਦੇ ਇਸ ਯੁੱਗ ਵਿਚ ਪੰਜਾਬ ਦੇ ਬਿਰਤਾਂਤ ਬਾਰੇ ਵਿਚਾਰ ਕਰੀਏ, ਸਾਡੇ ਲਈ ਇਸ ਸਬੰਧੀ ਕੁਝ ਮੁੱਢਲੇ ਪ੍ਰਸ਼ਨ ਉਠਾਉਣੇ ਜ਼ਰੂਰੀ ਹਨ।

ਆਖ਼ਿਰ ਬਿਰਤਾਂਤ ਕੀ ਹੁੰਦਾ ਹੈ? ਬਿਰਤਾਂਤ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ? ਇਕ ਵਿਸ਼ੇਸ਼ ਵਿਚਾਰਧਾਰਾ ਜਾਂ ਵਿਚਾਰਧਾਰਕ ਧਾਰਨਾਵਾਂ ਸਮਾਜ ਦੇ ਸਮੁੱਚੇ ਵਿਕਾਸ ਅਤੇ ਉਤਪਤੀ ਲਈ ਰਾਜਨੀਤੀ ਅਤੇ ਸੱਤਾ ਦੇ ਬਿਰਤਾਂਤਾਂ ਦੇ ਨਾਲ-ਨਾਲ ਬੌਧਿਕ, ਆਰਥਿਕ, ਸਮਾਜਕ, ਵਿੱਦਿਅਕ, ਸਭਿਆਚਾਰਕ ਅਤੇ ਹੋਰ ਸਮਾਜਕ ਕਿਰਿਆਵਾਂ ਦੇ ਬਿਰਤਾਂਤ ਸਮਾਜ ਦੇ ਵਿਕਾਸ ਤੇ ਉਤਪਤੀ ਵਿਚ ਕਿਹੜੀ ਭੂਮਿਕਾ ਕਿਵੇਂ ਨਿਭਾਉਂਦੇ ਹਨ? ਉਪਰੋਕਤ ਬਿਰਤਾਂਤ ਆਪਸੀ ਪੂਰਕਤਾ ਵਿਚ ਕੰਮ ਕਰਦੇ ਹੋਏ ਇਕ ਵਿਸ਼ੇਸ਼ ਦੇਸ਼, ਕੌਮ ਅਤੇ ਸਭਿਆਚਾਰ ਨੂੰ ਕਿਵੇਂ ਸਿਰਜਦੇ ਹਨ? ਸਹਿਜ ਰੂਪ ਵਿਚ ਸਿਰਜੇ ਜਾਣ ਵਾਲੇ ਬਿਰਤਾਂਤ ਅਤੇ ਭੜਕੀਲੇ ਤੇ ਜਜ਼ਬਾਤੀ ਉਲ੍ਹਾਰਪਣ ਦੇ ਬਿਰਤਾਂਤਾਂ ਦੇ ਆਪਸੀ ਸਬੰਧ ਕੀ ਹੁੰਦੇ ਹਨ? ਬਿਰਤਾਂਤ ਸੱਤਾ ਦੇ ਹੇਠਾਂ ਲੋਕ ਮਨਾਂ ਵਿਚ ਵਿਚਰਦੇ ਵਿਚਾਰਾਂ ਨੂੰ ਕਿਵੇਂ ਨਵੇਂ ਅੰਕੁਰ ਪ੍ਰਦਾਨ ਕਰਦੇ ਹਨ? ਬਿਰਤਾਂਤ ਦੁਆਰਾ ਲਿਆਂਦੇ ਜਾਂਦੇ ਬਦਲਾਅ ਦੇ ਗਤੀ-ਵਿਗਿਆਨ (Dynamics) ਦੇ ਕੀ ਅਰਥ ਹੁੰਦੇ ਹਨ? ਕੀ ਬਿਰਤਾਂਤ ਇਕ ਵਕਤੀ ਵਰਤਾਰਾ ਹੁੰਦਾ ਹੈ? ਬਿਰਤਾਂਤ ਸਮਾਜ ਵਿਚ ਸਤ੍ਹਾ ਦੇ ਹੇਠਾਂ ਚੱਲਣ ਵਾਲੀ ਹਲਚਲ (Undercurrent) ਨੂੰ ਕਿਹੜੇ ਅਰਥ ਕਿਵੇਂ ਦਿੰਦਾ ਹੈ? ਕੀ ਬਿਰਤਾਂਤ ਸਮਾਜ ਵਿਚ ਵਾਪਰਦੇ ਵਰਤਾਰਿਆਂ ਦਾ ਹਰ ਸਮੇਂ ਆਪਣਾ ਇਕ ਵਿਸ਼ੇਸ਼ ਰੂਪ ਵਿਚ ਸ਼ਾਖ਼ਸਾਤ ਕਰਨ ਵਾਲਾ ਇਕ ਅਸਥਾਈ ਪ੍ਰਬੰਧ ਹੁੰਦਾ ਹੈ ਜਾਂ ਇਹ ਇਨਕਲਾਬ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਵਿਚ ਆਪਣੀ ਭੂਮਿਕਾ ਕਿਵੇਂ ਨਿਭਾਉਂਦਾ ਹੈ? ਇਕ ਮਨੁੱਖ ਦੇ ਵਿਅਕਤੀਗਤ ਜੀਵਨ ਤੋਂ ਸਮੂਹਿਕ ਰੂਪ ਧਾਰਨ ਕਰਦਾ ਬਿਰਤਾਂਤ ਕਿਵੇਂ ਆਪਣੇ ਆਪਣੇ ਜੁੜਵੇਂ (Accumulative) ਪ੍ਰਾਕਰਮਾਂ ਅਨੁਸਾਰ ਹਰ ਪਲ ਨਵਾਂ ਇਤਿਹਾਸ ਸਿਰਜਦਾ ਜਾਂਦਾ ਹੈ? ਇਕ ਪਰਿਵਾਰਕ ਬਿਰਤਾਂਤ ਤੋਂ ਗਲੋਬਲ ਪੱਧਰ 'ਤੇ ਸੰਯੁਕਤ ਰਾਸ਼ਟਰ ਸੰਘ ਤਕ ਦੇ ਬਿਰਤਾਂਤਾਂ ਦੇ ਵਿਚਕਾਰ ਆਪਣੇ ਪੂਰਕ ਰਿਸ਼ਤਿਆਂ ਵਿਚ ਬਿਰਤਾਂਤ ਕਿਵੇਂ ਮਾਨਵ ਸੱਭਿਅਤਾ ਦੀ ਉਤਪਤੀ ਵਿਚ ਆਪਣਾ ਯੋਗਦਾਨ ਨਿਸ਼ਚਿਤ ਕਰਦੇ ਹਨ? ਸਭ ਤੋਂ ਵੱਡਾ ਸਵਾਲ, ਮੁਕਾਬਲੇ ਵਿਚ ਉਲਝੀ ਤੇਜ਼ ਰਫ਼ਤਾਰ ਵਾਲੀ ਦੁਨੀਆਂ ਵਿਚ ਬਿਰਤਾਂਤ ਆਪਸੀ ਮੁਕਾਬਲੇ ਵਿਚ ਕੰਮ ਕਰਦੇ ਕਿਵੇਂ ਆਪਸੀ ਖਹਿਬਾਜ਼ੀ, ਟਕਰਾਅ, ਸੰਵਾਦ ਅਤੇ ਸਹਿਜਤਾ ਵਿਚ ਮਾਨਵਤਾ ਦਾ ਰੌਸ਼ਨ ਭਵਿੱਖ ਸਿਰਜਣਗੇ?

ਬਿਰਤਾਂਤ ਅਤੇ ਇਸ ਦੇ ਅਸੂਲਾਂ ਨਾਲ ਜੁੜੇ ਇਹ ਕੁਝ ਮੁੱਢਲੇ ਪ੍ਰਸ਼ਨ ਹਨ ਜੋ ਵਿਸ਼ੇਸ਼ ਸੰਵਾਦ ਦੀ ਮੰਗ ਕਰਦੇ ਹਨ। ਪਰ ਅਸੀਂ ਇਹਨਾਂ ਪ੍ਰਸ਼ਨਾਂ ਦੇ ਜਵਾਬ ਤੁਹਾਡੀ ਵਿਕਸਿਤ ਬੁੱਧੀ ਅਤੇ ਸਿਆਣਪ ਉੱਤੇ ਛੱਡਦੇ ਹਾਂ। ਇਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਪ੍ਰਸ਼ਨਾਂ ਵਿਚ ਹੀ ਇਹਨਾਂ ਦੇ ਜਵਾਬ ਮਿਲ ਜਾਣਗੇ। ਪਰ ਇਕ ਵਿਚਾਰ ਸਪੱਸ਼ਟ ਹੈ ਕਿ ਬਿਰਤਾਂਤ ਕਦੇ ਵੀ ਕਿਸੇ ਖੜੋਤ ਮਾਰੀ ਸਥਿਤੀ (Stagnation) ਵਿਚ ਨਾ ਤਾਂ ਆਪਣਾ ਬੀਜ ਆਧਾਰ ਸਥਾਪਿਤ ਕਰ ਸਕਦੇ ਹਨ ਅਤੇ ਨਾ ਹੀ ਵਧ ਫੁੱਲ ਸਕਦੇ ਹਨ। ਸਮਾਜ ਵਿਚ ਵਿਕਾਸ ਅਤੇ ਉਤਪਤੀ ਨੂੰ ਯਕੀਨੀ ਬਣਾਉਣ ਲਈ ਇਕ ਬਿਰਤਾਂਤ ਦੇ ਸਾਰੇ ਪਹਿਲੂਆਂ ਦਾ ਸਾਬਤ (Integrated) ਹੋਣਾ ਜਿੱਥੇ ਜ਼ਰੂਰੀ ਹੈ, ਉੱਥੇ ਇਸ ਦੇ ਵਾਧੇ ਅਤੇ ਪ੍ਰਫੁੱਲਤਾ ਲਈ ਮੁਆਫਿਕ ਵਾਤਾਵਰਣ ਅਤੇ ਸਥਿਤੀਆਂ ਦਾ ਹੋਣਾ ਬੜਾ ਜ਼ਰੂਰੀ ਹੈ। (**ਜੇ ਇਕ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**)

ਸਪੱਸ਼ਟ ਹੈ ਕਿ ਬਿਰਤਾਂਤ ਇਕ ਸਮਾਜ ਦੇਸ਼, ਕੌਮ ਅਤੇ ਸਭਿਆਚਾਰ ਦੇ ਸਮੁੱਚੇ ਜੀਵਨ ਵਿਚ ਇਨ੍ਹਾਂ ਦੀ ਭਵਿੱਖ ਦੀ ਦਿਸ਼ਾ ਨਿਰਧਾਰਿਤ ਕਰਨ ਵਾਲੇ ਜ਼ਬਾਨੀ ਜਾਂ ਲਿਖਤੀ ਵਿਚਾਰਾਂ ਅਤੇ ਸੋਚ ਅਮਲਾਂ (Paradigms) ਅਨੁਸਾਰ ਵਾਪਰੀਆਂ ਘਟਨਾਵਾਂ ਅਤੇ ਨਿਕਲੇ ਨਤੀਜਿਆਂ ਜਾਂ ਨਿਕਲਣ ਵਾਲੇ ਸੰਭਾਵੀ ਨਤੀਜਿਆਂ ਦਾ ਵਿਸ਼ਾਲ ਮਜਮੂਆ (Account) ਹੁੰਦਾ ਹੈ।

## ਪੰਜਾਬ ਦਾ ਰਾਜਨੀਤਕ ਅਤੇ ਸੱਤਾ ਬਿਰਤਾਂਤ: ਸੋਚ ਅਮਲ (Paradigm), ਉਦੇਸ਼ ਅਤੇ ਸਮਾਜੀ ਅਮਲ

ਪ੍ਰਾਚੀਨ ਸਪਤ-ਸਿੰਧੂ ਤੋਂ ਆਪਣੀ ਹਜ਼ਾਰਾਂ ਸਾਲ ਦੀ ਯਾਤਰਾ ਕਰਦਾ ਭਾਰਤ ਵਿਚਲਾ ਪੰਜਾਬ ਸਿੱਖ ਪੰਥ ਦਾ ਕੌਮੀ ਘਰ ਅਥਵਾ ਕਰਮ-ਭੂਮੀ ਬਣ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਅਤੇ ਇਸ ਦੇ ਵਿਸਮਾਦੀ ਚਿੰਤਨ ਦੇ ਆਧਾਰ ਗ੍ਰੰਥ ਹਨ। ਵਿਸਮਾਦੀ ਚਿੰਤਨ ਆਪਣੇ ਆਪ ਵਿਚ ਇਕ ਬ੍ਰਹਮੰਡੀ ਫਿਲਾਸਫੀ ਹੈ, ਜੋ ਕੁਦਰਤ ਦੇ ਰੂਪ ਵਿਚ ਸਿਰਜਕ ਵਾਹਿਗੁਰੂ ਦੀ ਸ਼ਾਖਸ਼ਾਤ ਹੋਂਦ ਆਪਣੀਆਂ ਸਾਰੀਆਂ ਦਿਸ਼ਾਵਾਂ ਦਾ ਪ੍ਰਗਟਾਵਾ ਕਰਦੀ ਹੈ। ਵਿਸ਼ਵ ਦੀ ਹਰ ਪ੍ਰਸੰਗਿਕ ਅਤੇ ਕਿਰਿਆਸ਼ੀਲ ਰਹਿਣ ਵਾਲੀ ਫ਼ਿਲਾਸਫੀ ਦੇ ਆਪੋ ਆਪਣੇ ਚਿੰਨ੍ਹ, ਬਿੰਬ ਅਥਵਾ ਪ੍ਰਤੀਕ ਹੁੰਦੇ ਹਨ। ਸਿੱਖ ਫ਼ਿਲਾਸਫੀ ਅਨੁਸਾਰ ਵਾਹਿਗੁਰੂ ਦੇ ਆਪਣੇ-ਆਪ ਤੋਂ ਉੱਗਮ ਕੇ ਕੁਦਰਤ ਵਿੱਚ ਰਮੇ ਹੋਣ ਕਾਰਨ ਜੋ ਵਿਸਮਾਦ ਪੈਦਾ ਹੁੰਦਾ ਹੈ, ਉਹ ਸਿੱਖੀ ਦਾ ਮੂਲ ਚਿੰਨ੍ਹ ਹੈ। ਕੁਦਰਤ ਨਾਲ ਕੁਦਰਤ ਹੋ ਕੇ ਇੱਕ ਮਨੁੱਖ ਨੂੰ ਜੋ ਵਿਸਮਾਦੀ ਅਨੁਭਵ ਅਤੇ ਅਨੰਦ ਪ੍ਰਾਪਤ ਹੁੰਦਾ ਹੈ, ਉਸ ਨਾਲ ਉਹ ਲਗਾਤਾਰ ਗਤੀਸ਼ੀਲ, ਸਿਰਜਣਾਤਮਿਕ ਅਤੇ ਵਿਸਮਾਦੀ ਭਾਵ ਵਿਚ ਰਹਿੰਦਾ ਹੈ। ਇਹ ਅਨੁਭਵ ਕੁਦਰਤ ਵਿਚ ਮੌਜੂਦ ਏਕ ਤੋਂ ਅਨੇਕ ਹੋਏ ਰਹੱਸ, ਵਿਲੱਖਣਤਾਵਾਂ ਅਤੇ ਵੰਨ ਸੁਵੰਨਤਾਵਾਂ ਦੀ ਇਕਸੁਰਤਾ ਵਾਲੀ ਇਕ ਨਵੀਂ ਵਿਵਸਥਾ ਦੇ ਆਧਾਰ ਨਿਸ਼ਚਿਤ ਕਰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਕੁਦਰਤ ਨੂੰ ਸਮਝਿਆਂ ਸਾਨੂੰ ਇਸ ਦੀ ਵਿਵਸਥਾ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਇਤਿਹਾਸ ਵਿਚ ਹੋ ਚੁੱਕੇ ਮਹਾਂਪੁਰਸ਼ ਕੁਦਰਤ ਰੂਪ ਵਿਚ ਸਿਰਜੀ ਗਈ ਵਿਵਸਥਾ ਅਨੁਕੂਲ ਸਾਨੂੰ ਆਪਣਾ ਜੀਵਨ, ਸਮਾਜ ਅਤੇ ਸਮਾਜਕ ਪ੍ਰਬੰਧ ਨੂੰ ਸਿਰਜਣ ਲਈ ਸਦਾ ਪ੍ਰੇਰਨਾ ਦਿੰਦੇ ਰਹੇ ਹਨ।

ਕੁਦਰਤ ਆਪਣੇ ਆਪ ਵਿਚ ਪੈਦਾ ਹੋਈ ਬਨਸਪਤੀ ਸਮੇਤ ਹਰ ਤਰ੍ਹਾਂ ਦੇ ਜਲੀ-ਥਲੀ ਜੀਵਾਂ ਨੂੰ ਹਰ ਸਮੇਂ ਊਰਜਿਤ ਕਰਕੇ ਰੱਖਦੀ ਹੈ। ਇਸ ਦਾ ਆਪਣਾ ਉਤਪਾਦਨ ਪ੍ਰਬੰਧ ਹੈ, ਜੋ ਨਿਯਮਾਂ ਅਨੁਸਾਰ ਹਰ ਜੀਵ ਨੂੰ ਊਰਜਿਤ ਕਰਕੇ ਰੱਖਣ ਲਈ ਖੁੱਲ੍ਹਾ ਹੈ। ਕੁਦਰਤ ਦਾ ਸਮੁੱਚਾ ਸੁਭਾਅ ਸਿਰਜਣਾਤਮਿਕ ਹੈ। ਕੁਦਰਤ ਸਮਦ੍ਰਿਸ਼ਟ ਸੁਭਾਅ ਵਾਲੀ ਹੈ। ਇਹ ਮਨੁੱਖ ਸਮੇਤ ਹਰ ਜੀਵ ਜੰਤ ਵੱਲ ਬ੍ਰਹਿਮੰਡੀ ਰਿਸ਼ਤਿਆਂ ਦੀ ਸਾਂਝ ਵਿਚ ਕਿਸੇ ਤਰ੍ਹਾਂ ਦੇ ਵਿਤਕਰੇ ਜਾ ਬਦਲਾਖੋਰੀ ਵਾਲੀ ਭਾਵਨਾ ਨਹੀਂ ਰੱਖਦੀ। ਕੁਦਰਤ ਅਨੁਸ਼ਾਸ਼ਨ ਵਿੱਚ ਰਹਿਣ ਵਾਲੀ ਹਸਤੀ ਹੈ। ਕੁਦਰਤ ਹਰ ਪਲ ਸਹਿਜ ਵਿਚ ਰਹਿੰਦੀ ਹੈ ਤੇ ਸਹਿਜ ਵਿੱਚ ਹੀ ਆਪਣੇ ਉਤਪਾਦਨ ਪ੍ਰਬੰਧ ਅਤੇ ਜ਼ਿੰਮੇਵਾਰੀਆਂ ਦਾ ਸੰਤੁਲਨ ਬਣਾ ਕੇ ਰੱਖਦੀ ਹੈ। ਅਜਿਹੀ ਸਥਿਤੀ ਵਿੱਚ ਸਿੱਖ ਫਿਲਾਸਫੀ ਦਾ ਮੁੱਢਲਾ ਰੂਪ-ਸਰੂਪ ਅਤੇ ਸੁਭਾਅ ਵਿਸਮਾਦੀ ਹੈ। ਇਹੀ ਉਹ ਵਿਸਮਾਦੀ ਭਰਪੂਰਤਾ ਵਾਲੀ ਅਵਸਥਾ ਹੁੰਦੀ ਹੈ, ਜਿਸ ਨੂੰ ਅਜਿਹੀ ਸਥਿਤੀ ਤਕ ਪਹੁੰਚਣ ਲਈ ਵਿਸਮਾਦ, ਵਿਸਮਾਦੀ ਚਿੰਤਨ, ਵਿਸਮਾਦੀ ਮਨੁੱਖ ਅਤੇ ਵਿਸਮਾਦੀ ਰਾਜ ਸੱਤਾ ਸਮੇਤ ਸਮੁੱਚੀਆਂ ਸੰਸਥਾਵਾਂ ਹਰ ਸਮੇਂ ਯਤਨਸ਼ੀਲ ਰਹਿਣੀਆਂ ਜ਼ਰੂਰੀ ਹਨ। ਗੁਰੂ ਸਾਹਿਬਾਨ ਅਨੁਸਾਰ ਵਿਚਾਰੀ ਗਈ ਕੁਦਰਤ ਦੀ ਵਿਵਸਥਾ ਦੇ ਇਹ ਵਿਚਾਰਧਾਰਕ ਆਧਾਰ ਹਨ।

ਅੱਜ ਭਾਰਤ ਤੇ ਵਿਸ਼ਵ ਪੱਧਰ ਤਕ ਮੁੱਢਲੀ ਲੜਾਈ ਇਕਸੁਰਤਾ (Heterogeneity) ਅਤੇ ਇਕ ਸਾਰਤਾ (Homogeneity) ਕਰਨ ਵਾਲੀਆਂ ਸ਼ਕਤੀਆਂ ਵਿਚਕਾਰ ਹੈ। ਮਾਨਵ ਸਭਿਅਤਾ ਨੂੰ ਦਰਪੰਸ਼ ਬਹੁਪਰਤੀ ਸੰਕਟਾਂ


ISSN : 2395-1273

ਦਾ ਇਹ ਇਕ ਵੱਡਾ ਕਾਰਨ ਹੈ। ਸੋ, ਜਦੋਂ ਤਕ ਪੰਜਾਬ, ਭਾਰਤ ਤੇ ਵਿਸ਼ਵ ਦੇਸ਼ਾਂ ਦੇ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਕਰਨ ਵਾਲੇ ਲੋਕ ਕੁਦਰਤ-ਮੁਖੀ ਸਮਾਜਕ ਪ੍ਰਬੰਧ ਨੂੰ ਨਹੀਂ ਅਪਨਾਉਂਦੇ ਅਤੇ ਉਨ੍ਹਾਂ ਹੀ ਲੀਹਾਂ ਉੱਤੇ ਆਪਣੀ ਰਾਜ ਵਿਵਸਥਾ ਨਹੀਂ ਚਲਾਉਂਦੇ, ਉਦੋਂ ਤੱਕ ਪੰਜਾਬ ਅਤੇ ਵਿਸ਼ਵ ਦੇ ਸੰਕਟਾਂ ਦਾ ਨਿਵਾਰਣ ਨਹੀਂ ਕੀਤਾ ਜਾ ਸਕੇਗਾ। ਯਕੀਨਨ ਮਾਨਵ ਜਾਤੀ ਕੁਦਰਤ ਅਨੁਸਾਰ ਜੀਵਨ ਬਤੀਤ (In Accordance with Nature) ਕਰਕੇ ਹੀ ਆਪਣਾ ਬਚਾਅ ਕਰ ਸਕਦੀ ਹੈ। ਪੰਜਾਬ ਦੇ ਭਵਿੱਖ ਦੇ ਰਾਜਨੀਤਕ ਅਤੇ ਸੱਤਾ ਬਿਰਤਾਂਤ ਦਾ ਇਹ ਉਹ ਮੁੱਢਲਾ ਦਾਰਸ਼ਨਿਕ ਆਧਾਰ ਹੈ, ਜਿਸ ਉੱਤੇ ਇਸ ਨੇ ਭਵਿੱਖ ਵਿਚ ਆਪਣਾ ਸਮੁੱਚਾ ਸ਼ੀਰਾਜ਼ਾ ਉਸਾਰਨਾ ਹੈ।

ਇਸ ਬੀਜ-ਰੂਪੀ ਬਿਰਤਾਂਤ ਨੂੰ ਵਿਵਹਾਰਿਕ ਅਮਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਰਤਾਰਪੁਰ ਸਾਹਿਬ ਵਿਖੇ ਆਪਣੇ ਜੀਵਨ ਦੇ ਆਖ਼ਰੀ 18 ਸਾਲਾਂ ਤੋਂ ਵਧੇਰੇ ਸਮਾਂ ਇਥੇ ਵਿਚਰ ਕੇ ਦਿਤਾ ਸੀ। ਸਪੱਸ਼ਟ ਹੈ ਕਿ ਸਿੱਖ ਚਿੰਤਨ ਜਿਸ ਮਨੁੱਖ, ਜੀਵਨ, ਸਮਾਜ ਅਤੇ ਹਲੇਮੀ ਰਾਜ ਵਰਗੀ ਵਿਵਸਥਾ ਦਾ ਸੰਕਲਪ ਲੈਂਦਾ ਹੈ, ਜਗਤ ਗੁਰੂ ਬਾਬਾ ਨਾਨਕ ਸਾਹਿਬ ਨੇ ਕਰਤਾਰਪੁਰ ਸਾਹਿਬ ਦੀ ਧਰਤੀ 'ਤੇ ਇਸ ਦੇ ਵਿਵਹਾਰਿਕ ਆਧਾਰ ਤਿਆਰ ਕੀਤੇ ਸਨ। ਇਸ ਦੇ ਮੁੱਖ ਤੌਰ ’ਤੇ ਛੇ ਨਕਸ਼ ਉਭਰਦੇ ਹਨ।

1. ਰੂਹਾਨੀ ਵਿਗਾਸ ਅਤੇ ਪਦਾਰਥਕ ਸੰਤੁਸ਼ਟੀ-ਸਹਿਜ ਵਾਲਾ ਵਿਸਮਾਦੀ ਮਨੁੱਖ;
2. ਜਾਤਾਂ-ਪਾਤਾਂ ਅਤੇ ਵਰਗਾਂ ਦੇ ਬੰਧਨਾਂ ਤੋਂ ਉੱਪਰ ਵਿਚਰਦਾ ਭਾਈਚਾਰਕ ਸਾਂਝ ਵਾਲਾ ਬਹੁ-ਸਭਿਆਚਾਰੀ ਜੀਵਨ;
3. ਸਾਂਝੀ 'ਕੁਦਰਤ' ਖੇਤੀ ਅਤੇ ਵਪਾਰ ਉੱਤੇ ਅਧਾਰਿਤ ਕੁਦਰਤ-ਮੁਖੀ, ਸਮਾਜਕ-ਆਰਥਿਕ ਪ੍ਰਬੰਧ;
4. ਸੱਚੀ-ਸੁੱਚੀ ਕਿਰਤ ਕਰਨ ਵਾਲਾ ਸੁਕ੍ਰਿਤ ਸਭਿਆਚਾਰ;
5. ਸਰਬੱਤ ਦੀ ਚਿੰਤਾ ਤੇ ਸਰਬੱਤ ਦਾ ਭਲਾ ਕਰਨ ਵਾਲਾ ਨੈਤਿਕ ਉੱਚਤਾ ਵਾਲਾ ਸਮਾਜ ਅਤੇ ਲੀਡਰਸ਼ਿਪ;
6. ਜੀਵਨ ਦੀ ਸੁਰੱਖਿਆ, ਸਿਰਜਣਾਤਮਿਕਤਾ ਅਤੇ ਕੁਦਰਤੀ ਸੁਭਾਅ ਵਾਲੀ ਬੇਗਮਪੁਰੀ ਸਮਾਜਕ ਵਿਵਸਥਾ।

ਪੰਜਾਬ ਦੇ ਭਵਿੱਖ ਦੇ ਰਾਜਨੀਤਕ ਸੱਤਾ ਬਿਰਤਾਂਤ ਦਾ ਇਕ ਸਿਰਾ ਜਿੱਥੇ ਪੰਜਾਬ ਦੇ ਵਿਕਾਸ, ਖ਼ੁਸ਼ਹਾਲੀ, ਵਿਸਮਾਦੀ ਜੀਵਨ, ਵਿਸਮਾਦੀ ਸਿਰਜਣਾਤਮਿਕ ਵਿਵਸਥਾ ਅਤੇ ਪੰਜਾਬ ਨੂੰ ਇਕ ਆਦਰਸ਼ਕ ਸਟੇਟ ਬਣਾਉਣ ਤੋਂ ਸ਼ੁਰੂ ਹੁੰਦਾ ਹੈ, ਉੱਥੇ ਇਸ ਸੱਤਾ ਬਿਰਤਾਂਤ ਨੇ ਵਿਸ਼ਵ ਨੂੰ ਵੀ ਵਿਸਮਾਦੀ ਦਿਸ਼ਾ ਦੇਣ ਵਿਚ ਵੱਡਾ ਯੋਗਦਾਨ ਪਾਉਣਾ ਹੈ। ਪਰ ਇਕ ਵਿਚਾਰ ਸਪੱਸ਼ਟ ਹੈ ਕਿ ਪੰਜਾਬ ਦੇ ਸੰਭਾਵੀ ਬਿਰਤਾਂਤ ਨੇ ਭਾਰਤ ਸਮੇਤ ਵਿਸ਼ਵ ਦੇਸ਼ਾਂ, ਵਿਸ਼ੇਸ਼ ਕਰਕੇ ਸ਼ਕਤੀਸ਼ਾਲੀ ਮੋਹਰੀ ਕਤਾਰ ਦੇਸ਼ਾਂ ਦੁਆਰਾ ਸਿਰਜੇ ਗਏ ਬਿਰਤਾਂਤਾਂ ਦੇ ਮੁਕਾਬਲੇ ਵਿਚ ਆ ਕੇ ਆਪਣੀ ਸਮੁੱਚੀ ਸ਼ਕਤੀ ਦੇ ਵੱਖ-ਵੱਖ ਪਹਿਲੂਆਂ ਨੂੰ ਮਜ਼ਬੂਤ ਆਧਾਰ ਦੇਣੇ ਹੋਣਗੇ। ਉੱਪਰ ਬਿਆਨ ਕੀਤਾ ਗਿਆ ਕਰਤਾਰਪੁਰੀ ਮਾਡਲ ਵਿਚ ਬਿਰਤਾਂਤ ਦਾ ਬੀਜ-ਰੂਪੀ ਆਧਾਰ ਹੈ। ਇਸ ਬਿਰਤਾਂਤ ਨੂੰ ਸਮਰਪਿਤ ਵਿਸਮਾਦੀ ਆਗੂਆਂ ਨੇ ਇਸ ਦਾ ਵਰਤਮਾਨ ਦੇ ਪੰਜਾਬ ਭਾਰਤ ਏਸ਼ੀਆ ਅਤੇ ਵਿਸ਼ਵ ਵਿਚ ਫੈਲਾਓ ਕਰਦਿਆਂ ਇਸ ਦੀ ਮਾਨਤਾ ਅਤੇ ਪ੍ਰਵਾਨਤਾ ਪ੍ਰਾਪਤ ਕਰਨ ਲਈ ਵਰਤਮਾਨ ਦੇ ਚੁਣੌਤੀਆਂ ਭਰੇ ਹਾਲਾਤ ਵਿਚ ਕੰਮ ਕਰਨੇ ਹੋਣਗੇ।

ਕਾਰਨ ਸਪੱਸ਼ਟ ਹਨ ਕਿ ਵਿਸ਼ਵ ਦੇਸ਼ਾਂ ਦੇ ਸਮਾਜਕ ਅਤੇ ਸੱਤਾ ਪ੍ਰਬੰਧਾਂ ਨੂੰ ਵਰਤਮਾਨ ਵਿਚ ਦਿਸ਼ਾ ਦੇਣ ਵਾਲਾ ਪੂੰਜੀਵਾਦ, ਸਮਾਜਵਾਦ, ਕਮਿਊਨਿਜ਼ਮ, ਇਸਲਾਮਿਕ ਸ਼ਰੀਅਤ, ਹਿੰਦੂਤਵ ਅਤੇ ਹੋਰ ਸਥਾਨਕ ਪੱਧਰ ਦੇ ਸਮਾਜਕ ਪ੍ਰਬੰਧ ਮਾਨਵ ਜਾਤੀ ਨੂੰ ਹੁਣ ਸੁਰੱਖਿਅਤ ਅਤੇ ਸਿਰਜਣਾਤਮਿਕ ਦਿਸ਼ਾ ਦੇਣ ਵਿਚ ਅਸਮਰਥ ਹੋ ਰਹੇ ਹਨ। ਇਨ੍ਹਾਂ ਕਸ਼ੀਦਗੀ ਭਰੇ ਹਾਲਾਤ ਵਿਚ ਵਿਸ਼ਵ ਸਭਿਅਤਾ ਨੂੰ ਇੱਕ ਨਵੇਂ ਬਦਲਵੇਂ ਸੰਸਾਰ ਪ੍ਰਬੰਧ ਦੀ ਲੋੜ ਆ ਪਈ ਹੈ। ਕੁਦਰਤ ਵਿਚ ਮੌਜੂਦ ਵੰਨ ਸੁਵੰਨਤਾਵਾਂ ਦੀ ਇਕਸੁਰ ਸਾਂਝ ਦੀ ਤਰਜ਼ 'ਤੇ ਮਨੁੱਖੀ ਸਭਿਆਚਾਰਾਂ ਦੀ ਬਹੁਲਤਾਵਾਂ ਦੀ ਇਕਸੁਰਤਾ ਵਾਲੀ ਵਿਵਸਥਾ ਵਾਲਾ ਸਮਾਜਕ ਪ੍ਰਬੰਧ ਮਾਨਵਤਾ ਦਾ ਉੱਜਵਲ ਭਵਿੱਖ ਸੁਨਿਸ਼ਚਿਤ ਕਰ ਸਕਣਗੇ। ਅਜਿਹੇ ਪ੍ਰਬੰਧ ਵਿੱਚ ਵਿਸ਼ਵ ਦੇ ਵੱਡੇ ਸੱਭਿਆਚਾਰਾਂ ਦੇ ਨਾਲ-ਨਾਲ ਆਪਣੀ ਹੋਂਦ, ਪਹਿਚਾਣ ਅਤੇ ਸੁਰੱਖਿਆ ਲਈ ਲੜ ਰਹੇ ਛੋਟੇ ਸੱਭਿਆਚਾਰ ਵੀ ਆਪਣੀ ਵਿਸ਼ਵ ਭੂਮਿਕਾ ਨਿਭਾਅ ਸਕਣਗੇ। ਵੱਡੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਗੁੱਟਾਂ ਵੱਲੋਂ ਵਿਸ਼ਵ ਦੇ ਛੋਟੇ ਵੱਡੇ ਸਭਿਆਚਾਰਾਂ ਨੂੰ ਇਕਸਾਰ ਕਰਨ ਦੇ ਜੋ ਯਤਨ ਹੋ ਰਹੇ ਹਨ, ਇਹ ਸਮੁੱਚੇ ਤੌਰ ’ਤੇ ਕੁਦਰਤ ਦੇ ਨਿਯਮਾਂ ਤੋਂ ਉਲਟ ਹਨ। ਪੰਜਾਬ ਦਾ ਭਵਿੱਖ ਦਾ ਅਜਿਹਾ ਸੱਤਾ ਪ੍ਰਬੰਧ ਵਿਸ਼ਵ ਨੂੰ ਇਸ ਸਬੰਧੀ ਨਵੀਂ ਦਿਸ਼ਾ ਦੇਵੇਗਾ। ਕਰਤਾਰਪੁਰੀ ਮਾਡਲ ਦੇ ਇਹ ਕੁਝ ਭੂ-ਰਾਜਸੀ (Geo-Political) ਅਤੇ ਗਲੋਬਲ ਪਾਸਾਰ ਹਨ।

ਇੱਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪੰਜਾਬ ਦੀਆਂ ਵਰਤਮਾਨ ਸੰਕਟ ਅਤੇ ਚੁਣੌਤੀਆਂ ਭਰੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਅਤੇ ਇਕ ਨਵੇਂ ਵਿਸਮਾਦੀ ਪੰਜਾਬ ਦੀ ਨਵ-ਉਸਾਰੀ ਕਰਨ ਪ੍ਰਥਾਇ ਸਿਰਜੇ ਜਾਣ ਵਾਲੇ

ਰਾਜਨੀਤਕ ਅਤੇ ਸੱਤਾ ਬਿਰਤਾਂਤ ਦੀਆਂ ਬਹੁ-ਪਰਤੀ ਦਿਸ਼ਾਵਾਂ ਨੂੰ ਧਰਾਤਲ ਉੱਤੇ ਕਿਵੇਂ ਉਤਾਰਿਆ ਜਾਏ? ਇਸ ਤੋਂ ਪਹਿਲਾਂ ਕਿ ਅਸੀਂ ਇਸ ਬਿਰਤਾਂਤ ਦੀ ਬਾਤ ਪਾਈਏ, ਸਾਨੂੰ ਸੰਖੇਪ ਵਿਚ ਪੰਜਾਬ ਨੂੰ ਦਰਪੇਸ਼ ਸੰਕਟਾਂ ਤੇ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨੀ ਹੋਵੇਗੀ।

ਇਕ ਸਫਲ, ਆਦਰਸ਼ਕ, ਵਿਕਸਿਤ ਜਾ ਵਿਕਾਸਸ਼ੀਲ ਅਤੇ ਵਿਸਮਾਦੀ ਸਟੇਟ ਆਪਣੇ ਨਾਗਰਿਕਾਂ ਨੂੰ ਉਨ੍ਹਾਂ ਦੇ "ਪੰਘੂੜੇ ਤੋਂ ਕਬਰ ਤਕ ਦੇ ਜੀਵਨ ਵਿਚ ਉਨ੍ਹਾਂ ਨੂੰ ਸਰਬ ਪੱਖੀ ਸਮਾਜਕ ਸੁਰੱਖਿਆ, ਸਮਾਜਕ ਨਿਆਂ, ਖੁਸ਼ਹਾਲ ਸਿਰਜਣਾਤਮਿਕ ਜੀਵਨ ਵਿਕਸਿਤ ਹੋਣ ਲਈ ਬਰਾਬਰ ਮੌਕੇ ਅਤੇ ਮੁਕੰਮਲ ਜੀਵਨ ਦੇਣ ਲਈ ਪਾਬੰਦ ਰਹਿਣੀ ਲੋੜੀਂਦੀ ਹੈ। ਸਟੇਟ ਦੀ ਸਮੁੱਚੀ ਢਾਂਚਾਗਤ ਬਣਤਰ, ਰਾਜਕੀ ਪ੍ਰਬੰਧ ਦੀ ਉਸਾਰੀ, ਦਿਬ-ਦ੍ਰਿਸ਼ਟ ਲੀਡਰਸ਼ਿਪ ਤੇ ਪ੍ਰਬੰਧਕੀ ਢਾਂਚਾ ਆਦਿ ਅਜਿਹੇ ਮਕਸਦਾਂ ਦੀ ਪੂਰਤੀ ਲਈ ਉੱਚ ਪੱਧਰ ਦੇ ਸਾਸ਼ਕਾਂ, ਕੁਸ਼ਲ ਪਾਰਦਰਸ਼ੀ, ਭ੍ਰਿਸ਼ਟਾਚਾਰ ਮੁਕਤ ਅਤੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਸਰਕਾਰ ਦੀ ਅਗਵਾਈ ਹੇਠ ਕੰਮ ਕਰਦੇ ਰਹਿਣੇ ਜ਼ਰੂਰੀ ਹਨ। ਕੁਦਰਤ ਵੱਲੋਂ ਹਰ ਸਬੰਧਿਤ ਰਾਜ ਦੀਆਂ ਭੂਗੋਲਿਕ ਹੱਦਾਂ ਅੰਦਰ ਬਖਸ਼ੇ ਹੋਏ ਸਮੁੱਚੇ ਕੁਦਰਤੀ ਸੋਮਿਆਂ, ਮਨੁੱਖੀ ਸਰੋਤਾਂ ਦਾ ਪੱਧਰ, ਉਨ੍ਹਾਂ ਦੀ ਸੁਯੋਗ ਵਰਤੋਂ ਅਤੇ ਆਰਥਿਕਤਾ ਵਿਚ ਸੰਤੁਲਨ ਅਤੇ ਨਿਯਮਬੱਧਤਾ ਆਦਿ ਬਣਾਈ ਰੱਖ ਕੇ ਇੱਕ ਸਟੇਟ ਦੀ ਸਫਲਤਾ ਯਕੀਨੀ ਬਣਾਈ ਜਾ ਸਕਦੀ ਹੈ।

ਕੁਝ ਅਜਿਹੇ ਅਤੇ ਹੋਰ ਪਹਿਲੂਆਂ ਵੱਲ ਧਿਆਨ ਦੇ ਕੇ ਇਕ ਸਟੇਟ ਆਪਣੀ ਹੋਂਦ ਬਚਾਈ ਰੱਖ ਕੇ ਲੋਕਾਂ ਦੇ ਜੀਵਨ ਦੇ ਹਰ ਪਹਿਲੂ ਵਿਚ ਸੁਰੱਖਿਆ ਅਤੇ ਸਿਰਜਣਾਤਮਿਕ ਵਾਤਾਵਰਣ ਵਿਚ ਨਾ ਕੇਵਲ ਸੰਕਟ-ਰਹਿਤ ਰਹਿ ਸਕਦੀ ਹੈ, ਸਗੋਂ ਦੁਨੀਆਂ ਦੇ ਸਫ਼ਲ ਅਤੇ ਵਿਕਸਿਤ ਦੇਸ਼ਾਂ ਵਿਚ ਸ਼ੁਮਾਰ ਵੀ ਕਰ ਸਕਦੀ ਹੈ। ਸਟੇਟ ਦੇ ਅਜਿਹੇ ਮਾਪਦੰਡਾਂ ਨੂੰ ਵਰਤਮਾਨ ਦੇ ਪੰਜਾਬ ਉੱਤੇ ਲਾਗੂ ਕਰਕੇ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਗੁਰੂਆਂ, ਪੀਰਾਂ, ਫਕੀਰਾਂ ਅਤੇ ਕੁਦਰਤ ਵੱਲੋਂ ਬਖਸ਼ਿਸ਼ ਕੀਤੀਆਂ ਗਈਆਂ ਅਨੰਤ ਨਿਆਮਤਾਂ ਵਾਲੀ ਪੰਜਾਬ ਦੀ ਧਰਤੀ ਹੁਣ ਅਨੇਕ ਪ੍ਰਕਾਰ ਦੇ ਸੰਕਟਾਂ, ਸਮੱਸਿਆਵਾਂ ਅਤੇ ਚੁਣੌਤੀਆਂ ਵਿਚਕਾਰ ਘਿਰੀ ਹੋਈ ਹੈ। ਜਿੰਨ੍ਹਾਂ ਵੀ ਕਠਿਨ ਹਾਲਾਤ ਦਾ ਪੰਜਾਬ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਸਾਹਮਣਾ ਕਰਦਾ ਆ ਰਿਹਾ ਹੈ ਤੇ ਜਿਸ ਤਰ੍ਹਾਂ ਦੀ ਨਾ-ਅਹਿਲ, ਦੂਰ-ਦ੍ਰਿਸ਼ਟੀਹੀਣ ਕਮਜ਼ੋਰ ਲੀਡਰਸ਼ਿਪ ਤੇ ਸ਼ਾਸਕ ਇਸ ਨੂੰ ਮਿਲਦੇ ਆ ਰਹੇ ਹਨ, ਅਤੇ ਵਰਤਮਾਨ ਦੀ ਲੀਡਰਸ਼ਿਪ ਵੀ ਇਨ੍ਹਾਂ ਤੋਂ ਵੱਖਰੀ ਨਹੀਂ ਹੈ, ਇਨ੍ਹਾਂ ਸਭ ਘਟਨਾਕ੍ਰਮਾਂ ਦਾ 2024 ਤਕ ਦਾ ਨਤੀਜਾ ਇਹ ਹੈ ਕਿ ਇਸ ਸਮੇਂ ਪੰਜਾਬ ਆਪਣੀਆਂ ਅਨੇਕ ਢਾਂਚਾਗਤ ਸਮੱਸਿਆਵਾਂ ਵਿਚ ਘਿਰਿਆ ਹੋਇਆ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਸਾਡੇ ਲਈ ਇਹ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿਚ ਕਾਨੂੰਨ ਦੇ ਰਾਜ ਦੀ ਘਾਟ ਹੈ। ਸਮੁੱਚੇ ਪ੍ਰਸ਼ਾਸਨ ਦੀ ਸੰਸਥਾ ਡਾਵਾਂਡੋਲ ਹੋ ਰਹੀ ਹੈ। ਰਾਜਕੀ ਆਗੂਆਂ ਸਮੇਤ ਪ੍ਰਸ਼ਾਸਨਿਕ ਢਾਂਚਾ ਕਮਜ਼ੋਰ ਅਤੇ ਦਿਸ਼ਾਹੀਣ ਹੋ ਰਿਹਾ ਹੈ। ਲੋਕ ਮੁੱਦਿਆਂ ਨੂੰ ਇਨ੍ਹਾਂ ਦੀ ਪੂਰਨਤਾ ਤੱਕ ਹੱਲ ਨਾ ਕਰਨ ਦਾ ਢਾਂਚਾ ਵੀ ਡਾਵਾਂਡੋਲ ਹੋ ਰਿਹਾ ਹੈ। ਪੰਜਾਬ ਵਾਸੀਆਂ ਵੱਲੋਂ 2022 ਵਿਚ ਆਮ ਆਦਮੀ ਪਾਰਟੀ ਨੂੰ ਬਦਲਵੀਂ ਰਾਜ ਵਿਵਸਥਾ ਦੇਣ ਲਈ ਦਿੱਤੇ ਗਏ ਜਨ ਆਦੇਸ਼ ਦੇ ਬਾਵਜੂਦ ਸਟੇਟ ਵਿੱਚ ਰਾਜਸੀ ਖਲਾਅ ਵਾਲੀ ਸਥਿਤੀ ਬਣੀ ਹੋਈ ਹੈ। ਖੇਤਰੀ ਪਾਰਟੀ ਅਕਾਲੀ ਦਲ ਦੇ ਕਮਜ਼ੋਰ ਚਲਦਿਆਂ ਕੇਂਦਰਵਾਦੀ ਪਾਰਟੀਆਂ ਪੰਜਾਬ ਨੂੰ ਗਿਰਝਾਂ ਵਾਂਗ ਚੰਬੜੀਆਂ ਹੋਈਆਂ ਹਨ। ਪੰਜਾਬ ਵਿਚ ਨਸ਼ਿਆਂ, ਬੇਰੁਜ਼ਗਾਰੀ, ਵਿਦੇਸ਼ਾਂ ਨੂੰ ਪਲਾਇਨ, ਬੌਧਿਕ, ਕੰਗਾਲੀ, ਖੇਤੀਬਾੜੀ ਖੇਤਰ ਦੀ ਬਦਹਾਲੀ, ਵਪਾਰਕ ਘਾਟਾ, ਕਮਜ਼ੋਰ ਆਰਥਿਕਤਾ, ਸਮਾਜਕ ਤਾਣੇ-ਬਾਣੇ ਵਿਚ ਟੁੱਟ ਭੱਜ ਅਤੇ ਨੈਤਿਕ ਨਿਘਾਰ ਆਦਿ ਸਮਾਜਕ ਸੰਕਟ ਦਿਨ ਪ੍ਰਤੀ ਦਿਨ ਗਹਿਰੇ ਹੁੰਦੇ ਜਾ ਰਹੇ ਹਨ। ਸਿਵਲ ਸੁਸਾਇਟੀ ਤੇ ਲੋਕਤੰਤਰੀ ਕੀਮਤਾਂ ਦੀ ਠੀਕ ਪ੍ਰਸੰਗ ਵਿਚ ਜਾਗਰਤੀ ਅਤੇ ਵਰਕਿੰਗ ਕਮਜ਼ੋਰ ਹੋ ਰਹੇ ਹਨ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਪੰਜਾਬ ਇਸ ਦੀਆਂ ਭਵਿੱਖ ਦੀਆਂ ਨਸਲਾਂ ਅਤੇ ਖੁਦ ਇਸ ਦਾ ਭਵਿੱਖ ਹੀ ਨਿਰਾਸ਼ਤਾ ਤੇ ਲਾਚਾਰਗੀ ਦੇ ਆਲਮ ਵਿਚ ਗੁਆਚ ਰਿਹਾ ਹੈ। ਪੰਜਾਬ ਦਾ ਸੰਕਟ ਹੋਰ ਕਿਤਨਾ ਗਹਿਰਾ ਹੋਵੇਗਾ ਕਿ ਪਿਛਲੇ ਦਹਾਕਿਆਂ ਤੋਂ ਇਸ ਉੱਤੇ ਚੜ੍ਹਿਆ ਆ ਰਿਹਾ ਤਿੰਨ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਨਾਗਰਿਕਾ ਨੂੰ ਚੰਗਾ ਜੀਵਨ, ਮਿਆਰੀ ਵਿੱਦਿਆ ਅਤੇ ਸਿਹਤ ਸੇਵਾਵਾਂ, ਰੁਜ਼ਗਾਰ ਅਤੇ ਵਿਕਸਿਤ ਸਿਰਜਣਾਤਮਿਕ ਜੀਵਨ ਦੇਣਾ ਦੂਰ ਦਾ ਸੁਪਨਾ ਬਣਦਾ ਜਾ ਰਿਹਾ ਹੈ।

ਇਸੇ ਤਰ੍ਹਾਂ ਪੰਜਾਬ ਨੂੰ ਕਈ ਹੋਰ ਸੰਕਟਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀ ਲਈ ਜ਼ਰੂਰੀ ਬਣਦੇ ਜ਼ਮੀਨ ਹੇਠਲੇ ਅਤੇ ਨਹਿਰੀ ਪਾਣੀ ਅਤੇ ਪੀਣ ਵਾਲੇ ਸ਼ੁੱਧ ਜਲ ਦੀ ਘਾਟ, ਕਿਸਾਨਾਂ, ਨੌਜਵਾਨਾਂ ਤੇ ਹੋਰ ਵਰਗਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ, ਬੇਰੁਜ਼ਗਾਰੀ, ਵਿਦੇਸ਼ਾਂ ਨੂੰ ਪਲਾਇਨ, ਹਰ ਪ੍ਰਕਾਰ ਦੇ ਨਸ਼ਿਆਂ ਦਾ ਆਮ ਹੋ ਰਿਹਾ ਸੇਵਨ, ਪੰਜਾਬੀ ਭਾਈਚਾਰਕ ਸਾਂਝਾਂ ਵਿਚ ਪੈ ਰਹੀਆਂ ਤਰੇੜਾਂ, ਪਿੰਡਾਂ ਤੇ ਪੰਜਾਬ ਦੀ


ISSN : 2395-1273

ਆਰਥਿਕਤਾ ਦੀ ਕਾਲਪਰੇਟਾਂ ਅਤੇ ਵੱਡੇ ਕਾਰੋਬਾਰੀਆਂ ਦੁਆਰਾ ਕੀਤੀ ਜਾ ਰਹੀ ਲੁੱਟ, ਗੁਰੂਆਂ-ਪੀਰਾਂ ਦੇ ਪੰਜਾਬ ਦੀ ਵਿਰਾਸਤ ਪ੍ਰਤੀ ਉਦਾਸੀਨਤਾ, ਅੰਨ੍ਹਾ ਖਪਤਵਾਦ, ਨੀਤੀਵਾਨ ਸਿਆਣੀ ਲੀਡਰਸ਼ਿਪ ਦੀ ਘਾਟ, ਵਿਦਵਾਨਾਂ ਅਤੇ ਚਿੰਤਕਾਂ ਵਿਚ ਸਮੇਂ ਦੇ ਹਾਣ ਦੀ ਬੌਧਿਕਤਾ ਦੀ ਗਰੀਬੀ ਅਤੇ ਸੋਚ ਅਮਲਾਂ ਵਿਚ ਖੜ੍ਹੋਤ, ਜੀਵਨ ਦੇ ਸਾਰੇ ਖੇਤਰਾਂ ਵਿਚ ਨਕਾਰਾਤਮਿਕਤਾ, ਪੰਜਾਬ ਦਾ ਕਰੂਰ ਖਪਤਵਾਦ ਦੇ ਮਕੜ ਜਾਲ ਵਿਚ ਉਲਝਣਾ, ਪੰਜਾਬ ਦੇ ਵਿਚਾਰ ਅਤੇ ਜੀਵਨ ਜੁਗਤ ਮਾਡਲਾਂ ਅਤੇ ਸੱਭਿਆਚਾਰ ਦੀ ਦਿਸ਼ਾਹੀਣ ਉਤਪਤੀ ਅਤੇ ਖਲਾਅ ਕਈ ਤਰ੍ਹਾਂ ਦਾ ਮਾਫੀਆ, ਗੈਂਗਸਟਰਵਾਦ, ਮਨੁੱਖੀ ਅਧਿਕਾਰਾਂ ਦਾ ਘਾਣ, ਪ੍ਰਸ਼ਾਸਨ ਦੀ ਦਿਸ਼ਾਹੀਣਤਾ (General Visionless), ਲੋਕਾਂ ਦੁਆਰਾ ਆਪਣੇ ਅਧਿਕਾਰਾਂ ਲਈ ਲੜੇ ਗਏ ਸੰਘਰਸ਼ਾਂ ਪ੍ਰਤੀ ਸਰਕਾਰਾਂ ਦਾ ਨਕਾਰਾਤਮਿਕ ਰਵਈਆ ਅਤੇ ਸਮੁੱਚੀ ਨਿਆਂ-ਪ੍ਰਣਾਲੀ ਦੁਆਰਾ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ, ਕਮਜ਼ੋਰ ਆਰਥਿਕਤਾ, ਜਾਤੀਵਾਦ, ਵਹਿਮਾਂ ਭਰਮਾਂ ਵਿੱਚ ਭਟਕਣਾ, ਨਾ-ਬਰਾਬਰੀ, ਪ੍ਰਸ਼ਾਸਕੀ ਭਰਿਸ਼ਟਾਚਾਰ, ਪੰਜਾਬੀ ਜੁਬਾਨ ਤੇ ਸਾਹਿਤਕ ਅਤੇ ਧਾਰਮਿਕ ਅਤੇ ਸਾਹਿਤ ਦੇ ਵਿਕਾਸ ਅਤੇ ਪ੍ਰਫੁੱਲਤਾ ਪ੍ਰਤੀ ਉਦਸੀਨਤਾ, ਅਤੇ ਹੋਰ ਅਨੇਕਾਂ ਸੰਕਟਾਂ ਨੂੰ ਵੇਖਦਿਆਂ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਸ ਸਮੇਂ ਪੰਜਾਬ ਦੇ ਸਭਿਆਚਾਰ ਅਤੇ ਸਭਿਅਤਾ ਨੂੰ ਹੀ ਮੁੱਢਲੇ ਸੰਕਟ ਦਰਪੇਸ਼ ਹਨ।

ਜ਼ਾਹਿਰ ਹੈ ਕੇ ਵਰਤਮਾਨ ਦੀਆਂ ਕਠਿਨ ਸਥਿਤੀਆਂ ਵਿਚੋਂ ਪੰਜਾਬ ਨੂੰ ਇਸ ਦੀ ਮਿੱਟੀ ਵਿਚ ਰਚੀ ਗੁਰੂ ਵਿਚਾਰਧਾਰਾ ਦੀ ਖੁਸ਼ਬੂ, ਇਸ ਦੀਆਂ ਗੁਰੂ ਇਤਿਹਾਸਿਕ ਪਰੰਪਰਾਵਾਂ ਅਤੇ ਇਨਾਂ ਦੇ ਸਹਿਯੋਗ ਵਾਰਸ ਹੀ ਕੱਢ ਸਕਦੇ ਹਨ। ਪਰ ਕਿਵੇਂ? ਪ੍ਰਸ਼ਨਾਂ ਦਾ ਇਹ ਵੱਡਾ ਪ੍ਰਸ਼ਨ ਸਾਡੇ ਸਾਹਮਣੇ ਪਹਾੜ ਬਣ ਕੇ ਖੜ੍ਹਾ ਹੈ। ਸਪੱਸ਼ਟ ਹੈ ਕਿ ਹਰ ਰਾਜਨੀਤਕ ਅਤੇ ਸੱਤਾ ਬਿਰਤਾਂਤ ਦੀ ਮੁੱਢਲੀ ਪਹਿਚਾਣ ਇਕ ਰਾਜ ਵਿੱਚ ਪ੍ਰਾਪਤ ਸਥਿਤੀਆਂ ਤੋਂ ਅੱਗੇ ਜਾ ਕੇ ਬਦਲਾਅ ਲਿਆਉਣ ਉੱਤੇ ਕੇਂਦਰਿਤ ਹੋਣੀ ਜ਼ਰੂਰੀ ਹੈ। ਇਕ ਸਟੇਟ ਅਤੇ ਹਾਕਮ ਰਾਜ ਕਰਦਿਆਂ ਜੋ ਵੀ ਕੰਮ ਕਰਦੇ ਹਨ, ਉਸ ਨਾਲ ਵਿਕਾਸ ਅਤੇ ਉਤਪਤੀ ਯਕੀਨੀ ਬਣਦੀ ਹੈ। ਇਸ ਤਰ੍ਹਾਂ ਜੋ ਨਵੀਂ ਸਥਿਤੀ ਬਣਦੀ ਹੈ ਅਤੇ ਜੋ ਨਵੀਆਂ ਵਿਚਾਰਧਾਰਕ ਸ਼ਕਤੀਆਂ ਸੰਗਠਿਤ ਹੁੰਦੀਆਂ ਹਨ, ਉਹ ਕੀਤੇ ਜਾ ਰਹੇ ਵਿਕਾਸ ਤੋਂ ਕਿਤੇ ਅੱਗੇ ਜਾ ਕੇ ਨਵੀਆਂ ਵਿਕਾਸ ਧਾਰਨਾਵਾਂ ਅਨੁਸਾਰ ਲੋਕਾਂ ਨੂੰ ਆਪਣੇ ਨਾਲ ਲੈ ਕੇ ਸਮੁੱਚੇ ਸੱਤਾ ਢਾਂਚੇ ਵਿਚ ਬਦਲਾਅ ਲਿਆਉਣ ਦਾ ਵਾਅਦਾ ਕਰਦੇ ਹਨ।

ਇਤਿਹਾਸ ਵਿਚ ਪੰਜਾਬ ਰਾਜ ਢਾਂਚਿਆਂ ਵਿਚ ਕਈ ਤਰ੍ਹਾਂ ਦੇ ਬਦਲਾਅ ਲਿਆਉਣ ਵਾਲੀ ਧਰਤੀ ਰਹੀ ਹੈ। ਬਦਲਾਅ ਦੀਆਂ ਕਈ ਤਰ੍ਹਾਂ ਦੀਆਂ ਬਹੁ-ਪਰਤੀ ਦਿਸ਼ਾਵਾਂ ਹੁੰਦੀਆਂ ਹਨ। ਭਾਵੇਂ ਲੋਕਤੰਤਰੀ ਪ੍ਰਕਿਰਿਆ ਜਾਂ ਹਥਿਆਰਬੰਦ ਇਨਕਲਾਬ ਰਾਹੀਂ ਸੱਤਾਧਾਰੀਆਂ ਦੇ ਚਿਹਰੇ ਬਦਲ ਜਾਂਦੇ ਹਨ, ਪਰ ਅਸਲ ਅਰਥਾਂ ਵਿਚ ਲਿਆਉਣ ਵਾਲਾ ਬਦਲਾਅ ਤਾਂ ਲੋਕ ਲਿਆਉਂਦੇ ਹਨ। ਬਦਲਾਅ ਕਿਉਂ ਆਉਂਦੇ ਹਨ? ਇਨ੍ਹਾਂ ਦੀ ਜਨ-ਮਾਨਸਿਕਤਾ ਵਿਚ ਲੋੜ ਕਿਉਂ ਉਪਜਦੀ ਹੈ? ਅਸਲ ਭਾਵਨਾ ਵਿਚ ਕਿਹੜਾ ਬਦਲਾਅ ਕਿਵੇਂ ਅਤੇ ਕਿੰਨ੍ਹਾਂ ਵਿਚਾਰਧਾਰਕ ਧਾਰਨਾਵਾਂ ਅਨੁਸਾਰ ਲਿਆਂਦਾ ਜਾਵੇ ਕਿ ਇਹ ਆਦਰਸ਼ਕ ਆਗੂਆਂ ਦੀ ਅਗਵਾਈ ਹੇਠ ਲੋਕਾਂ ਦੀਆਂ ਆਸਾਂ ਉਮੀਦਾਂ ਉੱਤੇ ਖਰਾ ਉੱਤਰ ਕੇ ਉਨ੍ਹਾਂ ਦੇ ਜੀਵਨ ਵਿਚ ਸਿਫ਼ਤੀ ਤਬਦੀਲੀ ਲਿਆ ਸਕੇ?

- ਬਦਲਾਅ ਇਕ ਅਜਿਹਾ ਲੋਕ ਸੁਪਨਾ ਅਥਵਾ ਇੱਛਾ ਹੁੰਦੀ ਹੈ ਜੋ ਕਿਸੇ ਵੀ ਥੋਥੀ ਅਤੇ ਪ੍ਰਸੰਗਹੀਣ ਹੋ ਚੁੱਕੀ ਸਮਾਜ-ਆਰਥਿਕ-ਰਾਜਨੀਤਕ ਅਤੇ ਸੱਤਾ ਵਿਵਸਥਾ ਬਦਲ ਕੇ ਉਸਦੀ ਥਾਂ ਇਕ ਆਦਰਸ਼ਕ, ਸਿਰਜਣਾਤਮਿਕ ਅਤੇ ਸਫ਼ਲ ਜੀਵਨ ਪ੍ਰਦਾਨ ਕਰਨ ਵਾਲੀ ਬਦਲਵੀਂ ਵਿਵਸਥਾ ਸਿਰਜਣ ਲਈ ਆਮ ਜਨ-ਮਾਨਸ ਵੱਲੋਂ ਲਿਆਂਦਾ ਜਾਂਦਾ ਹੈ।
- ਬਦਲਾਅ ਇਕ ਅਜਿਹਾ ਸੱਚ ਹੁੰਦਾ ਹੈ, ਜੋ ਸਮੇਂ ਦੀਆਂ ਲੋੜਾਂ ਅਨੁਸਾਰ ਸਮਾਜ ਵਿਚ ਇਕ ਬਦਲਵੀਂ ਆਦਰਸ਼ਕ ਵਿਵਸਥਾ ਸਾਕਾਰ ਕਰਨ ਵਾਲੇ ਇਸ ਸਬੰਧੀ ਸਰਗਰਮ ਲੋਕਾਂ ਵੱਲੋਂ ਜਨ-ਚੇਤਨਾ ਨੂੰ ਜਥੇਬੰਦ ਕਰਕੇ ਇਕ ਲੋਕ ਅੰਦੋਲਨ ਰਾਹੀਂ ਲੋਕਤੰਤਰੀ ਦੇਸ਼ਾਂ ਵਿਚ ਵੋਟ ਦੀ ਤਾਕਤ ਜਾਂ ਤਾਨਾਸ਼ਾਹੀ ਦੇਸ਼ਾਂ ਵਿਚ ਹਥਿਆਰਬੰਦ ਰਾਜ ਪਲਟਾ ਲਿਆ ਕੇ ਸਾਕਾਰ ਕੀਤਾ ਜਾਂਦਾ ਹੈ।
- ਬਦਲਾਅ ਇਕ ਏਜੰਡਾ ਅਥਵਾ ਭਵਿੱਖ-ਦ੍ਰਿਸ਼ਟੀ (Vision) ਹੁੰਦਾ ਹੈ, ਜਿਸ ਦੀ ਸਪੱਸ਼ਟ ਰੂਪ-ਰੇਖਾ ਅਜਿਹਾ ਬਦਲ ਲਿਆਉਣ ਵਾਲੇ ਲੋਕਾਂ, ਵਿਸ਼ੇਸ਼ ਕਰਕੇ ਵਿਦਵਾਨ ਚਿੰਤਕਾਂ ਵੱਲੋਂ ਆਮ ਲੋਕਾਂ ਦੀਆਂ ਭਾਵਨਾਵਾਂ ਦੇ ਧਰਾਤਲ ਤੋਂ ਲੈ ਕੇ ਵਿਸ਼ਵ ਮਨੁੱਖ ਦੀਆਂ **"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥"** ਦੇ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖਦਿਆਂ ਉਲੀਕਣੀ ਪੈਂਦੀ ਹੈ।
- ਬਦਲਾਅ ਇਕ ਅਜਿਹੀ ਅਵਸਥਾ ਹੁੰਦੀ ਹੈ ਜੋ ਸੱਤਾ ਉੱਤੇ ਕਾਬਜ਼ ਲੋਕਾਂ ਦੁਆਰਾ ਚਲਾਏ ਜਾ ਰਹੇ ਰਾਜ

ਪ੍ਰਸ਼ਾਸਨ ਦੇ ਢਾਂਚੇ ਵਿਚ ਲੋੜੀਂਦੀਆਂ ਤਬਦੀਲੀਆਂ ਅਤੇ ਸੁਧਾਰ ਲਿਆ ਕੇ ਇਕ ਨਵੀਂ ਤਰ੍ਹਾਂ ਦੀ Power Structure ਸਿਰਜ ਕੇ ਸਾਕਾਰ ਹੁੰਦੀ ਹੈ। ਭਾਵੇਂ ਬਦਲਾਅ ਦੇ ਵਿਚਾਰ ਅਤੇ ਸੰਘਰਸ਼ ਨੂੰ ਪ੍ਰਣਾਈਆਂ ਹੋਈਆਂ ਪਾਰਟੀਆਂ ਜਾਂ ਧਿਰਾਂ ਦੁਆਰਾ ਇਕ ਨਵੀਂ ਅਗਵਾਈ ਦਿੱਤੀ ਜਾਂਦੀ ਹੈ, ਪਰ ਅਸਲ ਬਦਲਾਅ ਤਾਂ ਲੋਕਾਂ ਤੇ ਉਨ੍ਹਾਂ ਦੀਆਂ ਸੰਤੁਸ਼ਟ ਹੋਈਆਂ ਭਾਵਨਾਵਾਂ ਦੁਆਰਾ ਲਿਆਇਆ ਜਾਂਦਾ ਹੈ।

- ਬਦਲਾਅ ਸਮਾਜ ਵਿਚ ਚੱਲਣ ਵਾਲੇ ਬਦਲਵੇਂ ਵਿਚਾਰ-ਵਟਾਂਦਰੇ, ਸੰਵਾਦ, ਵਿਵਾਦ ਚਰਚਾਵਾਂ, ਨਵੀਂ ਭਵਿੱਖ-ਦ੍ਰਿਸ਼ਟੀ ਤਰਾਸ਼ਣ ਦੇ ਆਧਾਰ ਤਿਆਰ ਕਰਦਾ ਹੈ, ਜਿਸ ਵਿਚ ਲੋਕਾਂ ਦੇ ਧਰਾਤਲ ਤੋਂ ਸਿਖਰਲੇ ਪੱਧਰ ਤਕ ਦੇ ਨਵੇਂ ਆਗੂ ਅਤੇ ਵਿਦਵਾਨ ਨਵੀਂ ਲੀਡਰਸ਼ਿਪ ਅਤੇ ਬੌਧਿਕਤਾ ਦਾ ਬਦਲਵਾ ਰਾਜਨੀਤਕ ਸੱਭਿਆਚਾਰ ਸਿਰਜਦੇ ਹਨ। ਇਹ ਸਭਿਆਚਾਰ ਬਦਲਵੀ ਵਿਵਸਥਾ ਦੀ ਮਜਬੂਤ ਰੀੜ ਦੀ ਹੱਡੀ ਅਥਵਾ ਸਟੀਲ ਫਰੇਮ ਬਣਦਾ ਹੈ।

ਵਿਸਮਾਦੀ ਚਿੰਤਨ ਅਧਾਰਿਤ ਵਿਚਾਰਧਾਰਕ ਧਾਰਨਾਵਾਂ ਨੂੰ ਅਮਲੀ ਰੂਪ ਦੇਣ ਲਈ ਪੰਜਾਬ ਮੁੱਢਲੀ ਕਰਮ-ਭੂਮੀ ਹੈ। ਸਮਾਜ ਵਿਚ ਬਦਲਾਅ ਲਿਆਉਣ ਲਈ ਕਈ ਪੱਧਰਾਂ ਦੇ ਕੰਮ ਪੈਂਦਾ ਹੈ। ਪੰਜਾਬ ਦੀ ਸੱਤਾ ਵਿਚ ਬਦਲਾਅ ਲਿਆਉਣ ਲਈ 2027 ਦੀਆਂ ਹੋਣ ਵਾਲੀਆਂ ਚੋਣਾਂ ਨੂੰ ਮੁੱਖ ਰੱਖ ਕੇ ਪੰਜਾਬ ਦੇ ਲੋਕਾਂ ਨੂੰ ਇਕ ਬਦਲਵੀਂ ਰਾਜਨੀਤੀ, ਬਦਲਵੀਂ ਵਿਵਸਥਾ, ਬਦਲਵੀਂ ਲੀਡਰਸ਼ਿਪ ਅਤੇ ਬਦਲਵੇਂ ਸ਼ਾਸਨ-ਪ੍ਰਸ਼ਾਸਨ ਨਾਲ ਜੁੜੇ ਅਨੇਕ ਮੁੱਦਿਆਂ ਨੂੰ ਸੰਬੋਧਿਤ ਹੋਣਾ ਪਵੇਗਾ। ਪੰਜਾਬ ਇਕ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਇਸਦੀ ਆਰਥਿਕਤਾ ਕਿਵੇਂ ਮਜ਼ਬੂਤ ਕੀਤੀ ਜਾਵੇ, ਸਾਡੇ ਸਾਹਮਣੇ ਇਹ ਇਕ ਵੱਡਾ ਪ੍ਰਸ਼ਨ ਹੈ।

ਉਪਰੋਕਤ ਵੱਡੇ ਬਿਰਤਾਂਤ ਦੇ ਅੰਤਰਗਤ ਅਨੇਕਾਂ ਛੋਟੇ ਬਿਰਤਾਂਤਾਂ ਉੱਤੇ ਕੰਮ ਕਰਨਾ ਹੋਵੇਗਾ। ਪੰਜਾਬ ਦੀ ਸਮੁੱਚੀ ਸ਼ਕਤੀ ਦੇ ਪਾਵਰ ਸੈਂਟਰ ਇਸ ਦੀ ਉਪਜਾਊ ਸ਼ਕਤੀ, ਕਿਸਾਨੀ, ਨੌਜਵਾਨੀ, ਧਾਰਮਿਕ ਮਾਨਸਿਕਤਾ ਅਤੇ ਧਾਰਨਾਵਾਂ, ਪੰਜਾਬੀਆਂ ਦਾ ਮਿਹਨਤ ਕਰਨ ਦਾ ਮਜ਼ਬੂਤ ਸੁਭਾਅ ਤੇ ਵੱਡੀਆਂ ਇਤਿਹਾਸਕ ਪਰੰਪਰਾਵਾਂ ਹਨ। ਪਰ ਜਦੋਂ ਅਸੀਂ ਪੰਜਾਬ ਦੇ ਨਵੇਂ ਰਾਜਨੀਤਕ ਸੱਤਾ ਬਿਰਤਾਂਤ ਦੀਆਂ ਵਿਚਾਰ ਧਾਰਨਾਵਾਂ ਨੂੰ ਅਮਲ ਵਿੱਚ ਲਿਆਉਣਾ ਹੈ ਤਾਂ ਕੁਦਰਤੀ ਹੈ ਕਿ ਸਾਨੂੰ ਕਿਸਾਨੀ ਅਤੇ ਖੇਤੀ ਸੈਕਟਰ ਸਮੇਤ ਹਰ ਖੇਤਰ ਵਿਚ ਨਵੇਂ ਬਦਲਾਅ ਲਿਆਉਣੇ ਹੋਣਗੇ। ਬਦਲਵੇਂ ਖੇਤੀ ਉਤਪਾਦਨ ਪ੍ਰਬੰਧ ਯਾਨੀ ਸਮੁੱਚੇ ਖੇਤੀ ਮਾਡਲ ਵਿਚ ਨਵੀਂ ਕ੍ਰਾਂਤੀ ਲਿਆਉਣ ਲਈ ਪੰਜਾਬ ਨੂੰ ਇਕ ਵੱਡੀ ਪ੍ਰਯੋਗਸ਼ਾਲਾ ਬਣਾਉਣਾ ਹੋਏਗਾ। ਇਸ ਸਬੰਧੀ ਖੇਤੀ ਖੇਤਰ ਵਿੱਚ ਢਾਂਚਾਗਤ ਸੁਧਾਰ ਲਿਆਉਣ ਦਾ ਮੁੱਦਾ ਅਤੇ ਕੁਦਰਤੀ-ਮੁਖੀ ਅਤੇ ਕਿਰਤੀ-ਕੇਂਦਰਿਤ ਗਲੋਬਲ ਪੱਧਰ ਦੀ ਨਵੀਂ ਖੇਤੀ ਨੀਤੀ ਅਥਵਾ ਕ੍ਰਾਂਤੀ ਦੀ ਨਿਸ਼ਾਨਦੇਹੀ ਕਰਨੀ ਹੋਵੇਗੀ। ਕਿਸਾਨਾਂ, ਕਿਰਤੀਆਂ, ਮਜ਼ਦੂਰਾਂ ਨੂੰ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦੇ ਨਾਲ-ਨਾਲ ਸਰਕਾਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਨਾਲ ਨਿਭਾਉਣੀਆਂ ਹੋਣਗੀਆਂ। ਇਹ ਵਿਚਾਰ ਵੱਡੇ ਵਿਸਥਾਰ ਦੀ ਮੰਗ ਕਰਦਾ ਹੈ। ਇਸ ਬਾਰੇ ਲੇਖਕ ਦੀ ਪੁਸਤਕ "ਪੰਜਾਬ ਏਜੰਡਾ" ਵਿਚ ਵਿਚਾਰ ਕੀਤਾ ਗਿਆ ਹੈ।

ਮੂਲ ਮੁੱਦਾ ਪੰਜਾਬ ਨੂੰ ਇਕ ਕਲਿਆਣਕਾਰੀ, ਸਿਰਜਣਾਤਮਿਕ ਅਤੇ ਵਿਕਸਿਤ ਰਾਜ ਬਣਾਉਣਾ ਹੈ। ਇਸ ਦੇ ਨਾਲ-ਨਾਲ ਨਵੇਂ ਪੰਜਾਬ ਦੀ ਸਿਰਜਣਾ ਲਈ ਆਦਰਸ਼ਵਾਦ ਦੀ ਕੁਦਰਤ-ਮੁਖੀ ਧਾਰਨਾ ਅਨੁਸਾਰ ਆਦਰਸ਼ਕ ਰਾਜ ਅਤੇ ਰਾਜ-ਪ੍ਰਣਾਲੀ, ਆਦਰਸ਼ਕ ਸੰਵਿਧਾਨ ਅਤੇ ਨਿਆਂ-ਪ੍ਰਣਾਲੀ, ਆਦਰਸ਼ਕ ਸਟੇਟ, ਸਟੇਟ ਦਾ ਕੁਦਰਤ ਦੀ ਏਜੰਸੀ ਵਾਂਗ, ਆਦਰਸ਼ਕ ਸਰਕਾਰ, ਸ਼ਾਸਨ ਕਲਾ ਪ੍ਰਸ਼ਾਸਨ, ਆਦਰਸ਼ਕ ਨਾਗਰਿਕ, ਆਦਰਸ਼ਕ ਸਮਾਜ, ਆਦਰਸ਼ਕ ਸੰਸਥਾਵਾਂ, ਆਦਰਸ਼ਕ ਮਨੁੱਖ-ਸਰੋਤ, ਆਦਰਸ਼ਕ ਲੋਕਤੰਤਰ ਦਾ 'ਪੀਰੀ' ਅਤੇ 'ਮੀਰੀ' ਦਰਸ਼ਨ, ਲੋਕ ਸੰਘਰਸ਼ ਦੀਆਂ ਬਹੁ-ਪਰਤੀ ਦਿਸ਼ਾਵਾਂ, ਪੰਜਾਬ ਨੇ ਵਿਸ਼ਵ-ਵਿਆਪੀ ਵਿਸਮਾਦੀ ਕ੍ਰਾਂਤੀ ਅਤੇ ਵਿਸਮਾਦੀ ਯੁੱਗ ਦੀ ਆਧਾਰ ਕਰਮ-ਭੂਮੀ ਕਿਵੇਂ ਬਣਨਾ ਹੈ, ਇਹ ਨਵੇਂ ਪੰਜਾਬ ਦੇ ਮੂਲ ਮੁੱਦੇ ਹੋਣੇ ਲੋੜੀਂਦੇ ਹਨ। ਇਹ ਮੁੱਦੇ ਕਿਵੇਂ ਸਾਕਾਰ ਹੋਣਗੇ, ਇਹ ਭਵਿੱਖ ਦੇ ਗਰਭ ਵਿਚ ਪਿਆ ਇੱਕ ਭਰੂਣ ਹੈ। ਇਹ ਇਕ ਸੁਪਨਾ ਵੀ ਹੈ।

ਭਾਰਤ ਸਮੇਤ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਜੋ ਰਾਜਨੀਤਕ ਸੱਤਾ ਬਿਰਤਾਂਤਾਂ ਦੀ ਵਾਰ ਲਿਖੀ ਜਾ ਚੁੱਕੀ ਹੈ। ਅਜਿਹੇ ਭੂ-ਰਾਜਸੀ ਮਾਹੌਲ ਵਿਚ ਪੰਜਾਬ ਦਾ ਰਾਜਨੀਤਕ ਸੱਤਾ ਬਿਰਤਾਂਤ ਭਵਿੱਖ ਦੇ ਕਿੰਨ੍ਹਾਂ ਆਗੂਆਂ ਅਤੇ ਪੰਜਾਬ ਵਾਸੀਆਂ ਦੀ ਅਗਵਾਈ ਹੇਠ ਮੁਕਾਬਲੇ ਦੇ ਇਸ ਦੌਰ ਵਿਚ ਆਪਣਾ ਵਿਸ਼ਵ ਦਾਅਵਾ ਪੇਸ਼ ਕਰੇਗਾ ਅਤੇ ਵਿਸ਼ਵ ਨੂੰ ਇਕ ਨਵੀਂ ਦਿਸ਼ਾ ਦਿਖਾਵੇਗਾ, ਇਹ ਸਮੁੱਚੇ ਰੂਪ ਵਿਚ ਇਕ ਵੱਡੀ ਚੁਣੌਤੀ ਹੈ। ਪਰ ਇਕ ਵਿਚਾਰ ਸਪੱਸ਼ਟ ਹੈ ਕਿ ਬਿਰਤਾਂਤਾਂ ਦੀਆਂ ਬਹੁ-ਪਰਤੀ ਦਿਸ਼ਾਵਾਂ ਬਾਰੇ ਇਕ ਵੱਡਾ ਸੰਵਾਦ ਰਚਾਉਣਾ ਸਮੇਂ ਦੀ ਅਹਿਮ ਲੋੜ ਹੈ।

◈


ISSN : 2395-1273